# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਬੁੱਧਵਾਰ, ਮਿਤੀ 13 ਮਾਰਚ, 2013 ਨੂੰ ਸਵੇਰੇ 11.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਡਾ. ਡੀ.ਐਨ. ਜੌਹਰ,
   ਡੀਨ, ਲਾਅ ਫੈਕਲਟੀ
3. ਡਾ. ਸੁਲੱਖਣ ਸਿੰਘ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ
4. ਡਾ. ਸੁਖਦੇਵ ਸਿੰਘ ਖਾਹਰਾ,
   ਡੀਨ, ਲੈਂਗੁਏਜ਼ਿਜ਼ ਫੈਕਲਟੀ
5. ਡਾ. ਪੀ.ਕੇ. ਸਹਿਜਪਾਲ,
   ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ
6. ਡਾ. ਕੁਲਦੀਪ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ,
7. ਸ. ਵਰਿਆਮ ਸਿੰਘ,
   ਪ੍ਰਿੰਸੀਪਲ, ਬਾਬਾ ਬੁੱਢਾ ਕਾਲਜ, ਬੀੜ ਸਾਹਿਬ, ਤਰਨ-ਤਾਰਨ
8. ਡਾ. ਨੀਲਮ ਸੇਠੀ,
   ਪ੍ਰਿੰਸੀਪਲ, ਪੰ. ਮੋਹਨ ਲਾਲ ਐਸ.ਡੀ. ਕਾਲਜ ਫਾਰ ਵੂਮੈਨ, ਗੁਰਦਾਸਪੁਰ
9. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,
   ਪ੍ਰਿੰਸੀਪਲ, ਗੌਰਮਿੰਟ ਕਾਲਜ, ਅਜਨਾਲਾ
10. ਪ੍ਰੋਫੈਸਰ ਐਸ.ਐਸ. ਗਿੱਲ, ਉਪ-ਕੁਲਪਤੀ ,
    ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ।
11. ਸ. ਰਜਿੰਦਰ ਮੋਹਨ ਸਿੰਘ ਛੀਨਾ, ਅੰਮ੍ਰਿਤਸਰ
12. ਸ. ਜਗਦੀਸ਼ ਸਿੰਘ, ਅੰਮ੍ਰਿਤਸਰ
13. ਡਾ. ਰਜਿੰਦਰਜੀਤ ਕੌਰ ਪਵਾਰ, . . . (ਸਕੱਤਰ)
    ਡੀਨ, ਅਕਾਦਮਿਕ ਮਾਮਲੇ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਸਤਿੰਦਰ ਕੌਰ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦਸਿੱਆ ਕਿ ਸਿੰਡੀਕੇਟ ਉੱਤੇ ਡਾ. ਸੁਖਦੇਵ ਸਿੰਘ ਖਾਹਰਾ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਸਹਿਯੋਗ ਦੇਂਦੇ ਰਹਿਣਗੇ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਰਜਿਸਟਰਾਰ ਡਾ. ਇੰਦਰਜੀਤ ਸਿੰਘ ਨੇ ਆਪਣੀ ਅੱਖ ਦਾ ਆਪਰੇਸ਼ਨ ਕਰਵਾਇਆ ਹੈ, ਜਿਸ ਕਾਰਣ ਉਹ ਅੱਜ ਇੱਕਤਰਤਾ ਵਿਚ ਹਾਜਰ ਨਹੀਂ ਹੋ ਸਕੇ। ਇਸ ਲਈ ਏਜੰਡਾ ਡਾ. ਰਜਿੰਦਰਜੀਤ ਕੌਰ ਪਵਾਰ, ਡੀਨ ਅਕਾਦਮਿਕ ਮਾਮਲੇ ਵੱਲੋਂ ਪੜਿਆ ਜਾਵੇਗਾ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 26.12.2012 ਦੀ ਕਾਰਵਾਈ ਦੀ ਸੋਧ/ਵਾਧੇ ਸਹਿਤ ਪੁਸ਼ਟੀ।

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 26.12.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 11(ੳ), 32 ਅਤੇ 34 ਵਿਚ ਹੇਠ ਲਿਖੀ ਸੋਧ/ਵਾਧੇ ਸਹਿਤ ਕੀਤੀ ਜਾਂਦੀ ਹੈ:-

ਪੈਰਾ ਨੰ: 11 (ੳ)

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ (ਸੇਵਾ-ਮੁਕਤ), ਉਸਾਰੀ ਵਿਭਾਗ, ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 31.12.2012 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਛੇ ਮਹੀਨੇ ਦਾ ਵਾਧਾ ਕੀਤਾ ਜਾਂਦਾ ਹੈ। | ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ (ਸੇਵਾ-ਮੁਕਤ), ਉਸਾਰੀ ਵਿਭਾਗ, ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 31.12.2012 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਇਕ ਦਿਨ ਦੀ ਬ੍ਰੇਕ ਪਾ ਕੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਛੇ ਮਹੀਨੇ ਦਾ ਵਾਧਾ ਕੀਤਾ ਜਾਂਦਾ ਹੈ। |

ਪੈਰਾ ਨੰ: 32

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| **ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 64 ਉੱਤੇ ਸਟੈਚਿਊਟ 79 ਅਧੀਨ ਡਾ. ਸਾਜਿਦ ਹੁਸੈਨ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਮਾਈਕ੍ਰੋਬਿਆਲੋਜੀ ਵਿਭਾਗ ਨੂੰ INSA Fellowship ਅਵੇਲ ਕਰਨ ਲਈ ਮਿਤੀ 26.12.2012 ਤੋਂ 25.3.2013 ਤੱਕ ਡਿਊਟੀ ਲੀਵ ਪਰਦਾਨ ਕੀਤੀ ਹੈ। | **ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 64 ਉੱਤੇ ਸਟੈਚਿਊਟ 79 ਅਧੀਨ ਡਾ. ਸਾਜਿਦ ਹੁਸੈਨ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਮਾਈਕ੍ਰੋਬਿਆਲੋਜੀ ਵਿਭਾਗ ਨੂੰ INSA Fellowship ਅਵੇਲ ਕਰਨ ਲਈ ਮਿਤੀ 1.1.2013 ਤੋਂ 31.3.2013 ਤੱਕ ਡਿਊਟੀ ਲੀਵ ਪਰਦਾਨ ਕੀਤੀ ਹੈ। |

ਪੈਰਾ ਨੰ: 34: ਨਿਰਣੇ ਦੇ ਅੰਤ ਵਿਚ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

"ਇਹ ਵੀ **ਪਾਸ ਹੋਇਆ** ਕਿ ਉਕਤ ਨਿਰਣਾ ਮਿਤੀ 1.3.2013 ਤੋਂ ਲਾਗੂ ਹੋਵੇਗਾ"।

ਸਿੰਡੀਕੇਟ ਦੀ ਇਕੱਤਰਤਾ ਮਿਤੀ 26.12.2012 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 26.12.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਵਿੱਤੀ ਸਾਲ 2013-14 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿੱਤ ਕਮੇਟੀ ਦੀਆਂ ਮਿਤੀ 28.2.2013 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

3. ਵਿੱਤੀ ਸਾਲ 2013-14 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿੱਤ ਕਮੇਟੀ ਦੀਆਂ ਮਿਤੀ 28.2.2013 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ।

ਡੀਨ, ਅਕਾਦਮਿਕ ਮਾਮਲੇ ਨੇ ਵਿੱਤੀ ਸਾਲ 2013-14 ਦੇ ਬਜੱਟ ਅਨੁਮਾਨ ਸਬੰਧੀ ਵੇਰਵਾ ਦੱਸਿਆ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

<u>ਸਾਲ 2012-13 ਦਾ ਲੇਖਾ ਜੋਖਾ</u>

ਸਾਲ 2012-13 ਦਾ ਮੂਲ ਬਜਟ 9 ਕਰੋੜ 1 ਲੱਖ 33 ਹਜ਼ਾਰ ਰੁਪਏ ਦੀ ਪਲੱਸ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਪਲੱਸ ਮੁਢਲੀ ਬਕਾਇਆ ਵਧ ਕੇ 74 ਕਰੋੜ 70 ਲੱਖ 72 ਹਜ਼ਾਰ ਰੁਪਏ ਹੋਵੇਗਾ। ਸਾਲ 2012-13 ਦਾ ਮੂਲ ਬਜਟ 263 ਕਰੋੜ 81 ਲੱਖ 27 ਹਜ਼ਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਸੋਧੇ ਬਜਟ ਅਨੁਮਾਨਾਂ ਵਿਚ ਘਟਾ ਕੇ 219 ਕਰੋੜ 81 ਲੱਖ 89 ਹਜਾਰ ਰੁਪਏ ਕਰ ਦਿੱਤਾ ਗਿਆ ਹੈ ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਪੰਜਾਬ ਸਰਕਾਰ ਵਲੋਂ ਬਤੌਰ ਰੈਗੂਲਰ ਗ੍ਰਾਂਟ 35 ਕਰੋੜ 54 ਲੱਖ 85 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ ਅਤੇ ਟੀਚਿੰਗ ਸਟਾਫ ਦੇ ਸੋਧੇ ਹੋਏ ਤਨਖਾਹ ਸਕੇਲਾਂ ਦੇ ਬਣਦੇ ਬਕਾਏ ਦੀ ਅਦਾਇਗੀ ਹਿੱਤ 26 ਕਰੋੜ 43 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 103 ਕਰੋੜ 23 ਲੱਖ 5 ਹਜਾਰ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 150 ਕਰੋੜ 93 ਲੱਖ 6 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2012-13 ਦੌਰਾਨ ਆਮਦਨ ਵਿਚ ਤਕਰੀਬਨ 48 ਕਰੋੜ ਰੁਪਏ ਦਾ ਵਾਧਾ ਅਤੇ ਖਰਚੇ ਵਿਚ ਤਕਰੀਬਨ 44 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2012-13 ਦੇ ਬਜਟ ਦਾ ਅੰਤ 67 ਕਰੋੜ 99 ਲੱਖ 74 ਹਜ਼ਾਰ ਰੁਪਏ ਦੀ ਵਾਫਰ ਰਕਮ ਨਾਲ ਕੀਤਾ ਗਿਆ ਹੈ।

<u>ਸਾਲ 2013-14 ਦੇ ਬਜਟ ਅਨੁਮਾਨ</u>

ਸਾਲ 2013-14 ਦਾ ਬਜਟ 67 ਕਰੋੜ 99 ਲੱਖ 74 ਹਜ਼ਾਰ ਰੁਪਏ ਦੀ ਵਾਫਰ ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2013-14 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 143 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਵਧੇ ਹੋਏ ਤਨਖਾਹ ਸਕੇਲ ਦੇ ਬਣਦੇ ਬਕਾਏ ਦੀ ਅਦਾਇਗੀ ਹਿੱਤ ਟੀਚਿੰਗ ਸਟਾਫ ਲਈ 26 ਕਰੋੜ 43 ਲੱਖ ਰੁਪਏ, ਨਾਨ-ਟੀਚਿੰਗ ਸਟਾਫ ਦੇ ਬਣਦੇ ਬਕਾਏ ਦੀ ਤੀਸਰੀ ਕਿਸ਼ਤ ਦੀ ਅਦਾਇਗੀ ਅਤੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬਜਟ ਵਿਚ ਕੀਤੀ ਗਈ ਹੈ। ਕੁਲ ਮਿਲਾ ਕੇ ਖਰਚੇ ਦੀ ਰਕਮ 284 ਕਰੋੜ 77 ਲੱਖ 7 ਹਜ਼ਾਰ ਰੁਪਏ ਹੋਵੇਗੀ।

ਸਾਲ 2013-14 ਦੌਰਾਨ ਪੰਜਾਬ ਸਰਕਾਰ ਵਲੋਂ 35 ਕਰੋੜ 54 ਲੱਖ 85 ਹਜ਼ਾਰ ਰੁਪਏ ਦੀ ਮੇਨਟੀਨੈਂਸ ਗ੍ਰਾਂਟ ਪ੍ਰਾਪਤ ਹੋਵੇਗੀ। ਗ੍ਰਾਂਟ ਅਤੇ ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 136 ਕਰੋੜ 40 ਲੱਖ 62 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ 181 ਕਰੋੜ 95 ਲੱਖ 47 ਹਜ਼ਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2013-14 ਦਾ ਬਜਟ 34 ਕਰੋੜ 81 ਲੱਖ 86 ਹਜ਼ਾਰ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿੱਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2013-14 ਦੇ ਬਜਟ ਅਨੁਮਾਨ ਦੀ ਕੁਲ 284 ਕਰੋੜ 77 ਲੱਖ 7 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ

ਹੋਵੇਗਾ:-

| | |
|---|---|
| 1) ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਦਾ ਸੁਧਾਰ | 56.17% |
| 2) ਨਾਨ-ਟੀਚਿੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 9.61% |
| 3) ਜਨਰਲ ਐਡਮਿਨੀਸਟਰੇਸ਼ਨ | 13.34% |
| 4) ਪ੍ਰੀਖਿਆਵਾਂ ਦਾ ਸੰਚਾਲਨ | 4.52% |
| 5) ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨੀਕਰਨ) | 13.55% |
| 6) ਇਮਾਰਤਾਂ ਦੀ ਉਸਾਰੀ | 2.81% |

ਸਾਲ 2012-13 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 4 ਕਰੋੜ ਰੁਪਏ ਦੀ ਫੀਸ ਰਿਫੰਡ ਕੀਤੀ ਗਈ ਹੈ ਜਾਂ ਕਨਸੈਸ਼ਨ ਵਜੋਂ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 24 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਜਾ ਰਹੀ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਕਰਵਾਉਣ ਲਈ 2 ਕਰੋੜ 92 ਲੱਖ ਰੁਪਏ ਦੀ ਰਕਮ ਦੇ ਕਲੇਮ ਪੰਜਾਬ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਖਿਡਾਰੀ ਅਤੇ ਕੋਚ ਦੇ ਮਾਨ-ਭੱਤੇ, ਡੀ.ਏ. ਅਤੇ ਡਾਈਟ ਦੀਆਂ ਦਰਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਸ਼ੀਲਡ ਅਤੇ ਬਲੇਜ਼ਰ ਆਦਿ ਤੋਂ ਇਲਾਵਾ ਦਿੱਤੇ ਜਾਂਦੇ ਨਕਦ ਪੁਰਸਕਾਰਾਂ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ ਤੇ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ-ਦੂਰ ਤੋਂ, ਇੱਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਗਿਆਰਵੇਂ ਪਲਾਨ ਦੌਰਾਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਇਸ ਯੂਨੀਵਰਸਿਟੀ ਲਈ ਪ੍ਰਵਾਨਿਤ "University with Potential for Excellence" ਸਕੀਮ ਅਧੀਨ ਪ੍ਰਵਾਨ ਕੀਤੀ ਗਈ 50 ਕਰੋੜ ਰੁਪਏ ਦੀ ਗ੍ਰਾਂਟ ਵਿਚੋਂ 30 ਕਰੋੜ ਰੁਪਏ ਦੀ ਗ੍ਰਾਂਟ ਵਸੂਲ ਹੋ ਚੁੱਕੀ ਹੈ। ਇਸ ਗ੍ਰਾਂਟ ਦੀ ਸਾਰੀ ਦੀ ਸਾਰੀ ਰਕਮ ਸਿਰਫ ਰਿਸਰਚ ਦੇ ਕੰਮ ਤੇ ਇਸਤੇਮਾਲ ਕੀਤੀ ਜਾਵੇਗੀ। ਯੂਨੀਵਰਸਿਟੀ ਨੂੰ University with Potential for Excellence ਦਾ status ਪ੍ਰਾਪਤ ਹੋਣ ਕਰਕੇ ਯੂਨੀਵਰਸਿਟੀ ਦੇ 276 ਫੁਲ-ਟਾਈਮ Non-NET qualified Ph.D. ਅਤੇ M.Phil. ਸਕਾਲਰਰਜ਼ ਜਿਨ੍ਹਾਂ ਨੂੰ ਯੂਨੀਵਰਸਿਟੀ ਵਲੋਂ ਹੋਰ ਕੋਈ ਵੀ ਫੈਲੋਸ਼ਿਪ ਨਹੀਂ ਦਿੱਤੀ ਜਾ ਰਹੀ ਹੈ, ਨੂੰ ਕ੍ਰਮਵਾਰ 8000 ਅਤੇ 5000 ਰੁਪਏ ਪ੍ਰਤੀ ਮਹੀਨਾ ਦੀ ਫੈਲੋਸ਼ਿਪ ਦਿੱਤੀ ਜਾਣੀ ਹੈ, ਜਿਸ ਦਾ 1 ਕਰੋੜ 45 ਲੱਖ 87 ਹਜ਼ਾਰ ਰੁਪਏ ਦਾ ਕਲੇਮ ਯੂ.ਜੀ.ਸੀ. ਨੂੰ ਭੇਜਿਆ ਜਾ ਚੁੱਕਾ ਹੈ। ਵੱਖ-ਵੱਖ ਸਕੀਮਾਂ ਅਧੀਨ ਇਸ ਸਮੇਂ ਤਕਰੀਬਨ 600 ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਰਿਸਰਚ ਦੇ ਕੰਮ ਵਿਚ ਰੁੱਝੇ ਹੋਏ ਹਨ। ਇਸ ਕੰਮ ਵਿਚ ਆਧੁਨਿਕਤਾ ਲਿਆਉਣ ਦੇ ਮੰਤਵ ਨਾਲ ਕਰੋੜਾਂ ਰੁਪਏ ਦੀ ਲਾਗਤ ਨਾਲ ਯੰਤਰਾਂ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਇਹ ਸਾਰੇ ਯੰਤਰ ਕਿਸੇ ਇਕ ਵਿਭਾਗ ਵਿਚ ਲਗਾਉਣ ਦੀ ਬਜਾਏ ਇਕ ਵੱਖਰੀ ਇਮਾਰਤ ਵਿਚ ਇਨਸਟਾਲ ਕੀਤੇ ਜਾ ਰਹੇ ਹਨ, ਤਾਂ ਜੋ ਵੱਖ-ਵੱਖ ਫੀਲਡਾਂ ਅਤੇ ਵਿਭਾਗਾਂ ਨਾਲ ਸਬੰਧਤ ਖੋਜਾਰਥੀਆਂ, ਟੀਚਰਾਂ ਅਤੇ

ਵਿਦਿਆਰਥੀਆਂ ਦੀ ਪਹੁੰਚ ਇਨ੍ਹਾਂ ਤੱਕ ਹੋ ਸਕੇ।

ਪੰਜਾਬ ਸਰਕਾਰ ਵਲੋਂ ਇਸ ਯੂਨੀਵਰਸਿਟੀ ਨੂੰ ਅਲਾਟ ਕੀਤੇ ਗਏ ਚਾਰ ਸਰਕਾਰੀ ਸਹਾਇਤਾ ਪ੍ਰਾਪਤ ਕਾਂਸਟੀਚੂਐਂਟ ਕਾਲਜਾਂ ਲਈ ਸਾਲ 2011-12 ਦੌਰਾਨ ਪ੍ਰਾਪਤ ਹੋਈ 75 ਲੱਖ ਰੁਪਏ ਪ੍ਰਤੀ ਕਾਲਜ ਦੀ ਗ੍ਰਾਂਟ ਦੀ ਰਾਸ਼ੀ ਦਾ ਇਸਤੇਮਾਲ ਸੰਕੋਚ ਨਾਲ ਕਰਦਿਆਂ ਹੋਇਆਂ ਇਨ੍ਹਾਂ ਕਾਲਜਾਂ ਵਿਚ ਪੜ੍ਹਾਈ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਜੋ ਕਿ ਸਫਲਤਾਪੂਰਵਕ ਕਾਲਜ ਸਟਾਫ ਵਲੋਂ ਨਿਭਾਇਆ ਜਾ ਰਿਹਾ ਹੈ, ਹਾਲਾਂਕਿ ਇਹ ਕਾਲਜ ਬਹੁਤ ਮੁਸ਼ਕਲ ਪਹੁੰਚ ਵਾਲੇ ਸਥਾਨਾਂ ਤੇ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਚਾਰਾਂ ਕਾਲਜਾਂ ਵਿਚ ਇਸ ਸਮੇਂ 4200 ਦੇ ਕਰੀਬ ਵਿਦਿਆਰਥੀ ਵੱਖ-ਵੱਖ ਕੋਰਸਾਂ ਵਿਚ ਬਹੁਤ ਹੀ ਸਸਤੀ ਦਰਾਂ ਤੇ ਪੜ੍ਹਾਈ ਕਰ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ ਤਾਂ ਅਜਿਹੇ ਹਨ ਜਿਨ੍ਹਾਂ ਦੇ ਮਾਤਾ ਪਿਤਾ ਨੇ ਆਪਣੀ ਮਾਲੀ ਸਥਿਤੀ ਕਾਰਨ ਆਪਣੇ ਬੱਚਿਆਂ ਨੂੰ ਕਾਲਜ ਦਾਖਲ ਕਰਵਾਉਣ ਲਈ ਸੋਚਿਆ ਵੀ ਨਹੀਂ ਹੋਵੇਗਾ। ਯੂਨੀਵਰਸਿਟੀ ਕਾਲਜ, ਵੇਰਕਾ ਵਿਚ ਦਾਖਲ ਹੋਏ 2000 ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਨੂੰ ਸਾਹਮਣੇ ਵੇਖਦਿਆਂ ਹੋਇਆਂ ਇਸ ਸਾਲ ਦੌਰਾਨ ਕਾਲਜ ਦੀ ਇਮਾਰਤ ਵਿਚ ਵਾਧਾ ਕਰਨ ਦੀ ਤਜ਼ਵੀਜ਼ ਹੈ। ਕਲਾਸਾਂ ਵਧਣ ਦੇ ਨਾਲ ਨਾਲ ਹਰ ਸਾਲ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾਵੇਗਾ। ਸਾਲ 2012-13 ਦੇ ਸੋਧੇ ਬਜਟ ਅਨੁਮਾਨ ਵਿਚ ਆਸ ਹੈ ਕਿ ਸਰਕਾਰ ਪਾਸੋਂ 75 ਲੱਖ ਰੁਪਏ ਪ੍ਰਤੀ ਕਾਲਜ ਦੇ ਹਿਸਾਬ ਨਾਲ ਗ੍ਰਾਂਟ ਪ੍ਰਾਪਤ ਹੋ ਜਾਵੇਗੀ। ਇਨ੍ਹਾਂ ਚਾਰ ਕਾਲਜਾਂ ਤੋਂ ਛੁੱਟ ਸਰਕਾਰੀ ਕਾਲਜ, ਸਠਿਆਲਾ ਅਤੇ ਸਰਕਾਰੀ ਕਾਲਜ, ਪੱਟੀ ਨੂੰ ਵੀ ਇਸ ਯੂਨੀਵਰਸਿਟੀ ਵਲੋਂ ਅਪਣਾਇਆ ਗਿਆ ਹੈ ਅਤੇ ਇਨ੍ਹਾਂ ਕਾਲਜਾਂ ਵਿਚ ਵੀ ਪੜ੍ਹਾਈ ਦਾ ਕੰਮ ਚੱਲ ਰਿਹਾ ਹੈ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ ਜਿਸ ਲਈ ਯੂ.ਜੀ.ਸੀ. ਤੋਂ 9 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਜਦਕਿ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਅਕੈਡਮਿਕ ਬਿਲਡਿੰਗ, ਸੁਲਤਾਨਪੁਰ ਲੋਧੀ ਵਿਖੇ ਗਰਲਜ਼ ਹੋਸਟਲ, ਬੁਆਇਜ਼ ਹੋਸਟਲ, ਆਈ.ਟੀ. ਸੈਂਟਰ, ਬਾਊਂਡਰੀ ਵਾਲ ਦੀ ਉਸਾਰੀ ਕਰਨ ਦੀ ਤਜਵੀਜ਼ ਹੈ। ਇਸ ਦੇ ਨਾਲ ਹੀ ਯੂਨੀਵਰਸਿਟੀ ਕੈਂਪਸ, ਸਠਿਆਲਾ ਵਿਖੇ ਵੀ ਇਮਾਰਤਾਂ ਦੀ ਉਸਾਰੀ ਵਿਚ ਵਾਧਾ ਕੀਤਾ ਜਾ ਰਿਹਾ ਹੈ।

**ਪਾਸ ਹੋਇਆ** ਕਿ ਵਿੱਤੀ ਸਾਲ 2013-14 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿੱਤ ਕਮੇਟੀ ਦੀਆਂ ਮਿਤੀ 28.2.2013 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਮਿਸਿਜ਼ ਹਰਵਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ(ਪੋਲੀਟੀਕਲ ਸਾਇੰਸ), ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਬਿਨ੍ਹਾਂ ਤਨਖਾਹ ਅਸਾਧਾਰਣ ਛੁੱਟੀ ਵਿਚ ਵਾਧੇ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਮਿਸਿਜ਼ ਹਰਵਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ (ਪੋਲੀਟੀਕਲ ਸਾਇੰਸ), ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਬਿਨ੍ਹਾਂ ਤਨਖਾਹ ਅਸਾਧਾਰਣ ਛੁੱਟੀ ਵਿਚ ਮਿਤੀ 12.1.2013 ਤੋਂ 25.5.2013 ਤੱਕ ਵਾਧਾ ਕੀਤਾ ਹੈ।

ਡਾ. ਸਤਵਿੰਦਰਜੀਤ ਕੌਰ, ਐਸੋਸੀਏਟ ਪ੍ਰੋਫੈਸਰ, ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੀ ਡਿਊਟੀ ਲੀਵ ਦੀ ਪੁਸ਼ਟੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸਤਵਿੰਦਰਜੀਤ ਕੌਰ, ਐਸੋਸੀਏਟ ਪ੍ਰੋਫੈਸਰ, ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ DBT-CREST Award ਅਵੇਲ ਕਰਨ ਵਾਸਤੇ Department of Dermatology, University of Wisconsin Madison, USA ਵਿਖੇ ਜਾਣ ਲਈ ਮਿਤੀ 14.3.2013 ਤੋਂ 13.9.2013 ਤੱਕ ਡਿਊਟੀ ਲੀਵ ਪਰਦਾਨ ਕੀਤੀ ਹੈ।

ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰਕ ਸਿੱਖਿਆ ਵਿਭਾਗ (ਟੀਚਿੰਗ) ਦੀ ਛੁੱਟੀ ਦੌਰਾਨ ਵਿਭਾਗ ਦਾ ਕਾਰਜ ਭਾਰ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪਣ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰਕ ਸਿਖਿਆ ਵਿਭਾਗ (ਟੀਚਿੰਗ) ਦੀ ਮਿਤੀ 19.1.2013 ਤੋਂ 22.2.2013 ਤੱਕ ਛੁੱਟੀ ਵਿਚ ਵਾਧੇ ਦੌਰਾਨ ਵਿਭਾਗ ਦਾ ਨਿਤਾ ਪ੍ਰਤੀ ਕੰਮ ਦੇਖਣ ਲਈ ਉਕਤ ਵਿਭਾਗ ਦਾ ਕਾਰਜ ਭਾਰ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪਿਆ ਹੈ।

ਡਾ. ਸ਼ਾਮ ਸੁੰਦਰ ਮਲਿਕ, ਪ੍ਰੋਫੈਸਰ, ਫਿਜਿਕਸ ਵਿਭਾਗ ਦੀ ਸਬੈਟੀਕਲ ਛੁੱਟੀ ਰੱਦ ਕਰਨ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸ਼ਾਮ ਸੁੰਦਰ ਮਲਿਕ, ਪ੍ਰੋਫੈਸਰ, ਫਿਜ਼ਿਕਸ ਵਿਭਾਗ, ਜਿਸਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 26.12.2012 ਦੇ ਪੈਰਾ ਨੰ: 31 ਰਾਹੀਂ ਆਈ.ਆਈ.ਟੀ. ਰੁੜਕੀ ਵਿਖੇ ਖੋਜ ਕਾਰਜ ਕਰਨ ਹਿੱਤ ਮਿਤੀ 2.1.2013 ਤੋਂ 30.6.2013 ਤੱਕ ਸਬੈਟੀਕਲ ਛੁੱਟੀ ਪਰਦਾਨ ਕੀਤੀ ਗਈ ਸੀ, ਦੀ ਬੇਨਤੀ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਮਿਤੀ 23.1.2013 ਤੋਂ 30.6.2013 ਤੱਕ ਸਬੈਟੀਕਲ ਛੁੱਟੀ ਰੱਦ ਕੀਤੀ ਹੈ।

ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਮੁੜ-ਨਿਯੁਕਤੀ / ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨਾਂ ਨੇ :-

(ੳ) ਹੇਠ ਲਿਖੇ ਨਿਗਰਾਨਾਂ (ਸੇਵਾ-ਮੁਕਤ) ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2013 ਤੋਂ 31.7.2013 ਤੱਕ, ਛੇ ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਮਿਸ. ਅੰਮ੍ਰਿਤ ਭਾਟੀਆ, ਪ੍ਰੀਖਿਆ ਸ਼ਾਖਾ-2
2. ਸ. ਗੁਰਬਖਸ਼ ਸਿੰਘ, ਗੁਪਤ ਸ਼ਾਖਾ

(ਅ) ਯੂਨੀਵਰਸਿਟੀ ਬਿਲਡਿੰਗਾਂ ਸਬੰਧੀ ਅਗਵਾਈ/ ਸਲਾਹ ਲਈ ਅੰਸ਼ਕਾਲੀ ਆਧਾਰ 'ਤੇ ਨਿਯੁਕਤ ਸ੍ਰੀ ਮਹਿੰਦਰਜੀਤ ਸਿੰਘ, ਆਰਕੀਟੈਕਟ, ਉਸਾਰੀ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2013

ਤੋਂ 31.1.2014 ਤੱਕ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਵਾਧਾ ਕਰਦੇ ਹੋਏ ਉਨ੍ਹਾਂ ਦਾ ਮਾਨ-ਭੱਤਾ 12000/- ਰੁਪਏ + 10.3% ਸਰਵਿਸ ਟੈਕਸ ਪ੍ਰਤੀ ਮਹੀਨਾ ਕੀਤਾ ਹੈ।

(ੲ) ਸ਼੍ਰੀ ਅਸ਼ੋਕ ਕੁਮਾਰ, ਟੈਕਨੀਸ਼ੀਅਨ (ਸੇਵਾ-ਮੁਕਤ), ਮਾਈਕ੍ਰੋਬਿਆਲੋਜੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 9.2.2013 ਤੋਂ 11.2.2013 ਤੱਕ ਤਿੰਨ ਦਿਨ ਦੀ ਬ੍ਰੇਕ ਦਿੰਦੇ ਹੋਏ ਮਿਤੀ 12.2.2013 ਤੋਂ 11.8.2013 ਤੱਕ (ਛੇ ਮਹੀਨੇ ਲਈ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।ਉਸਦੀ ਨਿਯੁਕਤੀ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਸ) ਸ਼੍ਰੀ ਸੁਰਿੰਦਰ ਮੋਹਨ ਕਪੂਰ, ਟੈਕਨੀਸ਼ੀਅਨ(ਸਟੋਰ), ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ, ਜੋ ਮਿਤੀ 31.1.2013 ਨੂੰ ਸੇਵਾ ਮੁਕਤ ਹੋ ਰਹੇ ਹਨ, ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ ‘ਤੇ ਛੇ ਮਹੀਨੇ ਲਈ ਕੰਟ੍ਰੈਕਟ ਆਧਾਰ 'ਤੇ ਮੁੜ-ਨਿਯੁਕਤ ਕੀਤਾ ਹੈ। ਉਸਦੀ ਨਿਯੁਕਤੀ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਹ) ਸ੍ਰੀ ਅਮਰਜੀਤ ਸਿੰਘ ਚੁੱਘ, ਸਹਾਇਕ ਰਜਿਸਟਰਾਰ(ਲੇਖਾ) ਨੂੰ ਮਿਤੀ 28.2.2013 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.3.2013 ਤੋਂ ਜਾਂ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨਿਆਂ ਲਈ ਕੰਟ੍ਰੈਕਟ ਆਧਾਰ ‘ਤੇ ਸਹਾਇਕ ਰਜਿਸਟਰਾਰ ਵਜੋਂ ਮੁੜ ਨਿਯੁਕਤ ਕੀਤਾ ਹੈ।ਉਸਦੀ ਤਨਖਾਹ ਨਿਯਮਾਂ ਅਨੁਸਾਰ ਨਿਰਧਾਰਤ ਕੀਤੀ ਜਾਵੇਗੀ।

(ਕ) ਸ੍ਰੀ ਬਲਰਾਮ ਕੁਮਾਰ, ਨਿਗਰਾਨ ਨੂੰ ਮਿਤੀ 28.2.2013 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨਿਆਂ ਲਈ ਕੰਟ੍ਰੈਕਟ ਆਧਾਰ ‘ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਵਿਖੇ ਨਿਗਰਾਨ ਵਜੋਂ ਮੁੜ-ਨਿਯੁਕਤ ਕੀਤਾ ਹੈ।ਉਸਦੀ ਤਨਖਾਹ ਨਿਯਮਾਂ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।

(ਖ) ਸ੍ਰੀ ਹਰੇਸ਼ ਕੁਮਾਰ, ਆਰਚਰੀ ਕੋਚ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 4.3.2013 ਦੀ ਇੱਕ ਦਿਨ ਦੀ ਬ੍ਰੇਕ ਦੇ ਕੇ ਮਿਤੀ 5.3.2013 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ (ਜੋ ਵੀ ਪਹਿਲਾਂ ਹੋਵੇ) ਵਾਧਾ ਕੀਤਾ ਹੈ।

ਸਬੰਧਤ ਕੋਚਾਂ ਦੀ ਕੰਟਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਹੇਠ ਲਿਖੇ ਕੋਚਾਂ ਦੀ ਕੰਟਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 25.2.2013 ਦੀ ਇਕ ਦਿਨ ਦੀ ਬ੍ਰੇਕ ਦੇ ਕੇ ਮਿਤੀ 26.2.2013 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ ‘ਤੇ ਭਰੇ ਜਾਣ ਤੱਕ (ਜੋ ਵੀ ਪਹਿਲਾਂ ਹੋਵੇ) ਵਾਧਾ ਕੀਤਾ ਹੈ:-

1. ਸ੍ਰੀ ਹਰਪ੍ਰੀਤ ਸਿੰਘ, ਐਥਲੈਟਿਕ ਕੋਚ
2. ਮਿਸ ਫੁਲਬਾਗ ਕੌਰ, ਆਰਚਰੀ ਕੋਚ
3. ਸ੍ਰੀ ਰਾਜੇਸ਼ ਕੌਸ਼ਿਕ, ਸਾਈਕਲਿੰਗ ਕੋਚ

| | |
|---|---|
| ਡਾ. ਗੁਰਚਰਨ ਕੌਰ, ਪ੍ਰੋਫੈਸਰ ਅਤੇ ਮੁਖੀ, ਬਾਇਓਟੈਕਨਾਲੋਜੀ ਵਿਭਾਗ ਦੀ ਸਬੈਟੀਕਲ ਛੁੱਟੀ ਦੀ ਪਰਵਾਨਗੀ। | 10. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਡਾ. ਗੁਰਚਰਨ ਕੌਰ, ਪ੍ਰੋਫੈਸਰ ਅਤੇ ਮੁਖੀ, ਬਾਇਓਟੈਕਨਾਲਜੀ ਵਿਭਾਗ ਨੂੰ DBT-CREST Award by DBT, GOI ਅਧੀਨ Department of Psychiatry, Boston University, School of Medicine, Boston, USA ਵਿਖੇ ਖੋਜ-ਕਾਰਜ ਕਰਨ ਲਈ ਮਿਤੀ 25.3.2013 ਤੋਂ 24.6.2013 ਤੱਕ ਤਿੰਨ ਮਹੀਨੇ ਦੀ ਪੂਰੀ ਤਨਖਾਹ 'ਤੇ ਸਬੈਟੀਕਲ ਛੁੱਟੀ ਪਰਵਾਨ ਕੀਤੀ ਜਾਂਦੀ ਹੈ। |
| ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ , ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੀ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਦੀ ਪਰਵਾਨਗੀ। | 11. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਸ੍ਰੀ ਸਾਈ ਕਾਲਜ ਆਫ ਫਾਰਮੇਸੀ, ਬਦਾਨੀ, ਪਠਾਨਕੋਟ ਵਿਖੇ ਪ੍ਰੋਫੈਸਰ ਵਜੋਂ ਜਾਇਨ ਕਰਨ ਹਿਤ ਮਿਤੀ 25.5.2013 ਤੋਂ 19.4.2014 ਤੱਕ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਕੀਤੀ ਜਾਂਦੀ ਹੈ। |
| ਸ਼੍ਰੀ ਕਰਨੈਲ ਸਿੰਘ ਵਿਰਦੀ, ਨਿਗਰਾਨ ਇੰਜੀਨੀਅਰ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਤਕਨੀਕੀ ਸਲਾਹਕਾਰ-ਕਮ-ਨਿਗਰਾਨ ਇੰਜੀਨੀਅਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪਰਵਾਨਗੀ। | 12. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਸ਼੍ਰੀ ਕਰਨੈਲ ਸਿੰਘ ਵਿਰਦੀ, ਨਿਗਰਾਨ ਇੰਜੀਨੀਅਰ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਯੂਨੀਵਰਸਿਟੀ ਵਿਖੇ ਤਕਨੀਕੀ ਸਲਾਹਕਾਰ-ਕਮ-ਨਿਗਰਾਨ ਇੰਜੀਨੀਅਰ ਵਜੋਂ ਨਿਯੁਕਤੀ ਦੀ ਮਿਆਦ ਵਿਚ, 10000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਮਿਤੀ 16.3.2013 ਤੋਂ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ। |
| ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓਟੈਕਨਾਲੋਜੀ ਵਿਭਾਗ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਰੱਦ ਕਰਨ ਦੀ ਪਰਵਾਨਗੀ। | 13. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ, ਜਿਸਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 26.3.2012 ਦੇ ਪੈਰਾ ਨੰ: 7 ਰਾਹੀਂ DBT-CREST Award ਵਾਸਤੇ Ontario, Canada ਵਿਖੇ ਜਾਣ ਲਈ ਮਿਤੀ 19.3.2012 ਤੋਂ 18.9.2012 ਤੱਕ ਸਬੈਟੀਕਲ ਛੁੱਟੀ ਪੂਰੀ ਤਨਖਾਹ 'ਤੇ ਅਤੇ ਮਿਤੀ 19.9.2012 ਤੋਂ 22.3.2013 ਤੱਕ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਕੀਤੀ ਗਈ ਸੀ, ਦੀ ਬੇਨਤੀ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਮਿਤੀ 19.3.2013 ਤੋਂ 22.3.2013 ਤੱਕ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਰੱਦ ਕੀਤੀ ਜਾਂਦੀ ਹੈ। |

ਮਿਸ. ਤਕਦੀਰ , ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਸਟੱਡੀ ਲੀਵ ਵਿਚ ਵਾਧੇ ਦੀ ਪੁਸ਼ਟੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਟੱਡੀ ਲੀਵ ਕੇਸਾਂ ‘ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇਕੱਤਰਤਾ ਮਿਤੀ 1.2.2013 ਦੀ ਸਿਫਾਰਸ਼ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਮਿਸ. ਤਕਦੀਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਪੀਐਚ.ਡੀ. ਸਬੰਧੀ ਖੋਜ ਕਾਰਜ ਪੂਰਾ ਕਰਨ ਲਈ ਮਿਤੀ 4.2.2013 ਤੋਂ ਛੇ ਮਹੀਨਿਆਂ ਲਈ ਸਟੱਡੀ ਲੀਵ ਵਿਚ (ਪੂਰੀ ਤਨਖਾਹ 'ਤੇ) ਵਾਧਾ ਕੀਤਾ ਹੈ।

ਡਾ. ਹਰਪ੍ਰੀਤ ਕੌਰ, ਮੈਡੀਕਲ ਅਫਸਰ ਨੂੰ 14 ਸਾਲ ਦੀ ਸੇਵਾ ਪੂਰੀ ਹੋਣ ‘ਤੇ ਉਚੇਰਾ ਸਕੇਲ ਦੇਣ ਦੀ ਪਰਵਾਨਗੀ।

15. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਬੱਜਟ ਦੀ ਵਿਵਸਥਾ ਨੂੰ ਮੁੱਖ ਰੱਖਦਿਆਂ ਡਾ. ਹਰਪ੍ਰੀਤ ਕੌਰ, ਮੈਡੀਕਲ ਅਫਸਰ, ਹੈਲਥ ਸੈਂਟਰ ਨੂੰ 14 ਸਾਲ ਦੀ ਸੇਵਾ ਪੂਰੀ ਹੋਣ ‘ਤੇ ਮਿਤੀ 1.1.2013 ਤੋਂ ਰੁ: 37400-67000+8600 ਗ੍ਰੇਡ ਪੇਅ ਦਾ ਉਚੇਰਾ ਤਨਖਾਹ ਸਕੇਲ ਦਿੱਤਾ ਜਾਂਦਾ ਹੈ।

ਸ੍ਰੀ ਮੁਕੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ (ਡੈਜ਼ੀਗਨੇਟ), ਉਸਾਰੀ ਵਿਭਾਗ ਨੂੰ ਕਾਰਜਕਾਰੀ ਇੰਜੀਨੀਅਰ ਦੀ ਖਾਲੀ ਅਸਾਮੀ ‘ਤੇ ਰੈਗੂਲਰ ਤੌਰ ਤੇ ਪਦ ਉਨਤ ਕਰਨ ਦੀ ਪਰਵਾਨਗੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਮੁਕੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ (ਡੈਜ਼ੀਗਨੇਟ), ਉਸਾਰੀ ਵਿਭਾਗ ਨੂੰ ਕਾਰਜਕਾਰੀ ਇੰਜੀਨੀਅਰ ਦੀ ਖਾਲੀ ਅਸਾਮੀ ‘ਤੇ ਰੈਗੂਲਰ ਤੌਰ ‘ਤੇ ਪਦ-ਉਨਤ ਕਰਨ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 7.2.2013 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਸ੍ਰੀ ਰਵੀ ਕਾਂਤ, ਸਿਤਾਰ ਅਕੰਪਨਿਸਟ, ਸੰਗੀਤ ਵਿਭਾਗ ਦੀ ਕੰਟਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪਰਵਾਨਗੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਰਵੀ ਕਾਂਤ, ਸਿਤਾਰ ਅਕੰਪਨਿਸਟ (ਸੇਵਾ-ਮੁਕਤ), ਸੰਗੀਤ ਵਿਭਾਗ ਦੀ ਕੰਟਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 2.4.2013 ਦੀ ਇਕ ਦਿਨ ਦੀ ਬ੍ਰੇਕ ਦੇਂਦੇ ਹੋਏ ਮਿਤੀ 3.4.2013 ਤੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਇਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

ਯੂਨੀਵਰਸਿਟੀ ਦੀ 39ਵੀਂ ਕਨਵੋਕੇਸ਼ਨ ਤੇ ਵੱਖ-ਵੱਖ ਪ੍ਰੀਖਿਆਵਾਂ ਦੇ ਯੋਗ ਉਮੀਦਵਾਰਾਂ ਨੂੰ ਡਿਗਰੀਆਂ ਪਰਦਾਨ ਕਰਨ ਦੀ ਪੁਸ਼ਟੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ :-

(ੳ) ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ

ਯੂਨੀਵਰਸਿਟੀ ਦੀ 39ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪਰਵਾਨਗੀ ਦਿੱਤੀ ਹੈ :-

| | |
|---|---|
| 1. ਪੀਐਚ.ਡੀ./ਐਮ.ਫਿਲ਼ | ਸਾਰੇ ਉਮੀਦਵਾਰ |
| 2. ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਵੱਖ-ਵੱਖ ਫੈਕਲਟੀਆਂ ਦੇ ਪੀਐਚ.ਡੀ., ਐਮ.ਫਿਲ਼. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 39ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| | |
|---|---|
| 1. ਪੀਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. ਐਮ.ਫਿਲ਼ | ਕਨਵੋਕੇਸ਼ਨ ਦੀ ਮਿਤੀ ਤੋਂ ਤਿੰਨ ਦਿਨ ਪਹਿਲਾਂ |
| 3. ਬਾਕੀ ਸਾਰੀ ਪ੍ਰੀਖਿਆਵਾਂ | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |

ਅਸਿਸਟੈਂਟ ਪ੍ਰੋਫੈਸਰ ਦੀ ਨਿਯੁਕਤੀ ਲਈ ਯੋਗਤਾ ਸ਼ਰਤ(eligibility) ਸਬੰਧੀ ਯੂ.ਜੀ.ਸੀ. ਦਾ ਪੱਤਰ ਅਡਾਪਟ ਕਰਨ ਦੀ ਪਰਵਾਨਗੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਸਿਸਟੈਂਟ ਪ੍ਰੋਫੈਸਰ ਦੀ ਨਿਯੁਕਤੀ ਲਈ ਯੋਗਤਾ ਸ਼ਰਤ(eligibility) ਸਬੰਧੀ ਯੂ.ਜੀ.ਸੀ. ਵੱਲੋ ਜਾਰੀ ਪੱਤਰ ਨੰ: F.9-3/2010(PS)/Misc. ਮਿਤੀ 20.11.2012 (**ਅੰਤਿਕਾ** ਅਨੁਸਾਰ) ਅਡਾਪਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸੈਸ਼ਨ 2012-13 ਲਈ **Capacity Enhancement Programme** ਅਧੀਨ ਸਥਾਪਿਤ ਕੀਤੇ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸਾਂ ਦੀ ਪਰਵਾਨਗੀ।

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2012-13 ਲਈ Capacity Enhancement Programme ਅਧੀਨ ਸਥਾਪਿਤ ਕੀਤੇ ਐਸੋਸੀਏਟ ਇੰਸਟੀਚਿਊਟਸ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ(ਫੱਤੂਢੀਂਗਾ) ਵਿਖੇ ਜਮੀਨ ਦੇ ਤਬਾਦਲੇ ਦੀ ਪਰਵਾਨਗੀ।

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ (ਫੱਤੂਢੀਂਗਾ) ਵਿਖੇ ਜਮੀਨ ਦੇ ਤਬਾਦਲੇ ਵਜੋਂ ਕ੍ਰਮਵਾਰ 3 ਨੰ: (1 ਕਿੱਲ੍ਹਾ) ਅਤੇ 24/2, 4/2 (1 ਕਿੱਲ੍ਹਾ) ਕੁਲ ਦੋ ਕਿੱਲ੍ਹੇ ਜਮੀਨ ਦੇ ਬਦਲੇ ਕਿੱਲ੍ਹਾ ਬੰਦੀ ਨੰ: 9 ਅਤੇ 15 ਵਾਲਾ ਕਿੱਲ੍ਹਾ ਕੁਲ ਦੋ ਕਿੱਲ੍ਹੇ ਜਮੀਨ ਲੈਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਅਪਲਾਈਡ ਕੈਮੀਕਲ ਸਾਇੰਸਜ਼ ਵਿਭਾਗ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ, ਅਪਲਾਈਡ ਸਾਇੰਸਜ਼ ਫੈਕਲਟੀ ਨੂੰ ਸਾਇੰਸਜ਼ ਫੈਕਲਟੀ ਵਿਚ ਅਤੇ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਲਾਈਫ ਸਾਇੰਸਜ਼ ਫੈਕਲਟੀ ਵਿਚ merge ਕਰਨ ਦੀ ਪਰਵਾਨਗੀ।**

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਪਲਾਈਡ ਕੈਮੀਕਲ ਸਾਇੰਸਜ਼ ਵਿਭਾਗ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ, ਅਪਲਾਈਡ ਸਾਇੰਸਜ਼ ਫੈਕਲਟੀ ਨੂੰ ਸਾਇੰਸਜ਼ ਫੈਕਲਟੀ ਵਿਚ ਅਤੇ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਲਾਈਫ ਸਾਇੰਸਜ਼ ਫੈਕਲਟੀ ਵਿਚ ਮਿਤੀ 1.4.2013 ਤੋਂ merge ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਕਾਲਜਾਂ /ਕੋਰਸਾਂ ਲਈ ਪੱਕੀ ਸਬੰਧਤਾ ਪਰਦਾਨ ਕਰਨ ਦੀ ਪਰਵਾਨਗੀ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਉਪ-ਕੁਲਪਤੀ ਸਾਹਿਬ ਵੱਲੋ ਗਠਿਤ ਨਿਰੀਖਣ ਕਮੇਟੀ ਦੀ ਮਿਤੀ 25.1.2013 ਦੀ ਰਿਪੋਰਟ (**ਅੰਤਿਕਾ**) ਅਨੁਸਾਰ ਨੂੰ ਮੁੱਖ ਰੱਖਦਿਆਂ ਟਰਿਨਿਟੀ ਕਾਲਜ , ਜਲੰਧਰ ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਂਦੀ ਹੈ।

(ਅ) ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਦੀ ਮਿਤੀ 22.9.2012 ਦੀ ਰਿਪੋਰਟ ਅਨੁਸਾਰ ਐਸ.ਐਮ.ਡੀ. ਆਰ. ਐਸ. ਡੀ. ਕਾਲਜ ਆਫ ਐਜੂਕੇਸ਼ਨ, ਪਠਾਨਕੋਟ 'ਤੇ ਲਗਾਈਆਂ ਗਈਆਂ ਸ਼ਰਤਾਂ ਦੀ ਪੂਰਤੀ ਸਬੰਧੀ ਨਿਰੀਖਣ ਕਮੇਟੀ ਦੇ ਕਨਵੀਨਰ ਦੁਆਰਾ ਕਾਲਜ ਵਲੋਂ ਸ਼ਰਤਾਂ ਪੂਰੀਆਂ ਕਰਨ ਸਬੰਧੀ ਕੀਤੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਉਕਤ ਕਾਲਜ ਨੂੰ ਪੱਕੀ ਸਬੰਧਤਾ ਪਰਦਾਨ ਕਰਨ ਕੀਤੀ ਜਾਂਦੀ ਹੈ।

(ੲ) ਉਪ-ਕੁਲਪਤੀ ਸਾਹਿਬ ਵੱਲੋ ਗਠਿਤ ਨਿਰੀਖਣ ਕਮੇਟੀ ਦੀ ਮਿਤੀ 27.1.2012 ਦੀ ਰਿਪੋਰਟ ਅਨੁਸਾਰ ਹਿੰਦੂ ਕੰਨਿਆ ਕਾਲਜ, ਕਪੂਰਥਲਾ ਨੂੰ ਐਮ.ਐਸ.ਸੀ.(ਆਈ. ਟੀ.) ਕੋਰਸ ਦੀ ਪੱਕੀ ਸਬੰਧਤਾ ਪਰਦਾਨ ਕਰਨ ਲਈ ਲਗਾਈਆਂ ਗਈਆਂ ਸ਼ਰਤਾਂ ਦੀ ਪੂਰਤੀ ਸਬੰਧੀ ਨਿਰੀਖਣ ਕਮੇਟੀ ਦੇ ਕਨਵੀਨਰ ਦੁਆਰਾ ਕਾਲਜ ਵੱਲੋਂ ਸ਼ਰਤਾਂ ਦੀ ਪੂਰਤੀ ਸਬੰਧੀ ਕੀਤੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਉਕਤ ਕਾਲਜ ਨੂੰ ਐਮ.ਐਸ.ਸੀ(ਆਈ.ਟੀ) ਕੋਰਸ ਦੀ ਪੱਕੀ ਸਬੰਧਤਾ ਪਰਦਾਨ ਕੀਤੀ ਜਾਂਦੀ ਹੈ।

**ਸਬੰਧਤ ਵਿਦਿਆਰਥੀਆਂ ਨੂੰ ਮਾਰਚ 2013 ਵਿਚ ਪੇਪਰ ਦੇਣ ਲਈ ਵਿਸ਼ੇਸ਼ ਮੌਕੇ ਦੀ ਪੁਸ਼ਟੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨਾਂ ਨੇ **ਅੰਤਿਕਾ** ਵਿਚ ਦਰਸਾਏ ਵੇਰਵੇ ਅਨੁਸਾਰ ਵੱਖ-ਵੱਖ ਕਾਲਜਾਂ/ਯੂਨੀਵਰਸਿਟੀ ਵਿਭਾਗਾਂ ਵਿਚ ਪੜ੍ਹ ਰਹੇ ਵਿਦਿਆਰਥੀ, ਜੋ ਕਿ ਕਿਸੇ ਨਾ ਕਿਸੇ ਟੂਰਨਾਮੈਂਟ ਦੀ ਤਿਆਰੀ ਵਿਚ ਰੁੱਝੇ ਹੋਣ ਕਰਕੇ ਨਵੰਬਰ/ਦਸੰਬਰ 2012 ਵਿਚ ਸਬੰਧਤ ਵਿਸ਼ੇ ਦਾ ਪੇਪਰ ਨਹੀਂ ਦੇ ਸਕੇ, ਨੂੰ ਮਾਰਚ 2013 ਵਿਚ ਪੇਪਰ ਦੇਣ ਲਈ ਵਿਸ਼ੇਸ਼ ਮੌਕਾ ਦਿੱਤਾ ਹੈ।

**ਰਿਸਰਚ ਫੈਲੋਜ਼/ਰਿਸਰਚ ਸਕਾਲਰਜ਼ ਦੀਆਂ ਛੁੱਟੀਆਂ ਦਾ ਖਾਤਾ ਆਡਿਟ ਵਿਭਾਗ ਦੀ ਬਜਾਇ ਲੇਖਾ ਸ਼ਾਖਾ ਤੋਂ ਚੈਕ ਕਰਵਾਉਣ ਦੀ ਪਰਵਾਨਗੀ।**

25. ਆਡਿਟ ਸ਼ਾਖਾ ਵਿਖੇ ਸਟਾਫ ਦੀ ਘਾਟ ਨੂੰ ਮੁੱਖ ਰੱਖਦਿਆਂ ਰਿਸਰਚ ਫੈਲੋਜ਼/ਰਿਸਰਚ ਸਕਾਲਰਜ਼ ਦੀਆਂ ਛੁੱਟੀਆਂ ਦਾ ਖਾਤਾ ਆਡਿਟ ਸ਼ਾਖਾ ਤੋਂ ਚੈਕ ਕਰਵਾਉਣ ਦੀ ਬਜਾਏ ਲੇਖਾ ਸ਼ਾਖਾ/ਗ੍ਰਾਂਟਸ ਸੈਕਸ਼ਨ ਦੇ ਸਬੰਧਤ ਨਿਗਰਾਨ ਤੋਂ ਚੈਕ ਕਰਵਾਉਣ ਸਬੰਧੀ ਹੇਠ ਲਿਖੇ ਅਨੁਸਾਰ ਵਿਚਾਰ ਹੋਈ:-

1. ਅਮਲਾ ਸ਼ਾਖਾ ਵਲੋਂ Without Fellowship ਛੁੱਟੀਆਂ ਦੇ ਕੇਸਾਂ ਤੋਂ ਇਲਾਵਾ Research Fellows/Scholars ਦੀਆਂ ਛੁੱਟੀਆਂ ਦਾ ਖਾਤਾ ਲੋਕਲ ਆਡਿਟ ਵਿਭਾਗ ਦੀ ਆਡਿਟ ਸ਼ਾਖਾ ਪਾਸੋਂ ਚੈਕ ਕਰਾਉਣ ਦੀ ਥਾਂ ਤੇ ਲੇਖਾ ਸ਼ਾਖਾ ਦੇ ਸਬੰਧਤ ਨਿਗਰਾਨ ਪਾਸੋਂ ਚੈਕ ਕਰਵਾ ਲਿਆ ਜਾਵੇ।

2. ਜਿਹੜੇ ਰਿਸਰਚ ਫੈਲੋਜ਼ ਜਾਂ ਰਿਸਰਚ ਸਕਾਲਰਜ਼ ਦੀ ਫੈਲੋਸ਼ਿਪ ਯੂਨੀਵਰਸਿਟੀ ਬਜਟ ਵਿਚੋਂ ਦਿੱਤੀ ਜਾਂਦੀ ਹੈ, ਉਨ੍ਹਾਂ ਦਾ Leave Account, Salary Section ਦੇ ਨਿਗਰਾਨ ਦੁਆਰਾ ਚੈਕ ਕੀਤਾ ਜਾਇਆ ਕਰੇ ਅਤੇ ਜਿਹੜੇ ਰਿਸਰਚ ਫੈਲੋਜ਼ ਦੀ ਫੈਲੋਸ਼ਿਪ ਦੀ ਅਦਾਇਗੀ ਕਿਸੇ Funding Agency ਪਾਸੋਂ ਪ੍ਰਾਪਤ ਗ੍ਰਾਂਟ ਵਿਚੋਂ ਕੀਤੀ ਜਾਂਦੀ ਹੈ, ਉਸ ਦਾ Leave Account ਗ੍ਰਾਂਟਸ ਸੈਕਸ਼ਨ ਦੇ ਨਿਗਰਾਨ ਦੁਆਰਾ ਚੈਕ ਕੀਤਾ ਜਾਇਆ ਕਰੇ।

ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਡਿਟ ਸ਼ਾਖਾ ਵਿਖੇ ਸਟਾਫ ਦੀ ਘਾਟ ਨੂੰ ਮੁੱਖ ਰੱਖਦਿਆਂ ਰਿਸਰਚ ਫੈਲੋਜ਼/ਰਿਸਰਚ ਸਕਾਲਰਜ਼ ਦੀਆਂ ਛੁੱਟੀਆਂ ਦਾ ਖਾਤਾ ਆਡਿਟ ਸ਼ਾਖਾ ਤੋਂ ਚੈਕ ਕਰਵਾਉਣ ਦੀ ਬਜਾਏ ਲੇਖਾ ਸ਼ਾਖਾ/ਗ੍ਰਾਂਟਸ ਸੈਕਸ਼ਨ ਦੇ ਸਬੰਧਤ ਨਿਗਰਾਨ ਤੋਂ ਚੈਕ ਕਰਵਾਉਣ ਸਬੰਧੀ ਉਕਤ ਕ੍ਰਮ ਨੰ: 1 ਅਤੇ 2 ਪਰਵਾਨ ਕੀਤੇ ਜਾਂਦੇ ਹਨ।

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਕਾਲਜ, ਚੁੰਘ (ਤਰਨ-ਤਾਰਨ) ਵਿਖੇ ਸ਼ੈਸ਼ਨ 2012-13 ਤੋਂ ਸੋਸ਼ਿਆਲੋਜੀ ਵਿਸ਼ਾ ਸ਼ੁਰੂ ਕਰਨ ਦੀ ਪਰਵਾਨਗੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2012-13 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ (ਤਰਨ-ਤਾਰਨ) ਵਿਖੇ ਬੀ.ਏ. ਭਾਗ ਪਹਿਲਾ ਵਿਚ ਸੋਸ਼ਿਆਲੋਜੀ ਵਿਸ਼ਾ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸੈਸ਼ਨ 2012-13 ਤੋਂ ਖਾਲਸਾ ਕਾਲਜ ਆਫ ਫਿਜੀਕਲ ਐਜੂਕੇਸ਼ਨ, ਹੇਰ ਵਿਖੇ ਬੀ.ਪੀ.ਈ. (ਤਿੰਨ ਸਾਲਾ ਕੋਰਸ) ਵਿਚ ਦਾਖਲੇ ਦੀ ਪੁਸ਼ਟੀ।**

27. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਖਾਲਸਾ ਕਾਲਜ ਆਫ ਫਿਜੀਕਲ ਐਜੂਕੇਸ਼ਨ, ਹੇਰ (ਅੰਮ੍ਰਿਤਸਰ) ਵਿਖੇ ਸੈਸ਼ਨ 2012-13 ਤੋਂ ਬੀ.ਪੀ.ਈ.(ਤਿੰਨ ਸਾਲਾ ਕੋਰਸ) ਵਿਚ ਦਾਖਲਾ ਕਰਨ ਦੀ ਪਰਵਾਨਗੀ ਦਿੱਤੀ ਹੈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ: ਸਿੰਡੀਕੇਟ ਦੀ ਇਕੱਤਰਤਾ ਮਿਤੀ 27.09.11 ਦੇ ਪੈਰ੍ਹਾ 65 ਰਾਹੀਂ ਹੋਏ ਫੈਸਲੇ ਅਨੁਸਾਰ ਸੈਸ਼ਨ 2012-13 ਤੋਂ ਬੀ.ਪੀ.ਈ. ਤਿੰਨ ਸਾਲਾਂ ਕੋਰਸ ਬੰਦ ਕੀਤਾ ਗਿਆ ਹੈ ਅਤੇ ਇਸ ਦੀ ਥਾਂ ਬੀ.ਪੀ.ਐੱਡ ਚਾਰ ਸਾਲਾ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਉਕਤ ਕਾਲਜ ਨੇ ਪੱਤਰ ਰਾਹੀਂ ਸੂਚਿਤ ਕੀਤਾ ਹੈ ਕਿ ਐਨ.ਸੀ.ਟੀ.ਈ. ਵਲੋਂ ਬੀ.ਪੀ.ਐੱਡ (ਚਾਰ ਸਾਲਾਂ) ਕੋਰਸ ਦੀ

ਪ੍ਰਵਾਨਗੀ ਦੇਣ ਲਈ ਅਜੇ ਤੱਕ inspection ਨਹੀਂ ਕੀਤੀ ਗਈ। ਇਸ ਲਈ ਉਨ੍ਹਾਂ ਬੇਨਤੀ ਕੀਤੀ ਹੈ ਕਿ ਸੈਸ਼ਨ 2012-13 ਲਈ ਬੀ.ਪੀ.ਈ (ਤਿੰਨ ਸਾਲਾਂ ਕੋਰਸ) ਵਿਚ ਦਾਖਲਾ ਕਰਨ ਦੀ ਆਗਿਆ ਦਿੱਤੀ ਜਾਵੇ ਅਤੇ ਆਨਰੇਰੀ ਸਕੱਤਰ, ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ ਨੇ **ਐਫੀਡੇਵਿਟ** ਦਿੱਤਾ ਹੈ ਕਿ ਜੇਕਰ ਇਸ ਕਾਲਜ ਵਿਚ ਦਾਖਲਾ ਦਿੱਤੇ ਜਾਣ ਤੇ ਕੋਈ ਮੁਸ਼ਕਿਲ ਆਵੇਗੀ ਤਾਂ ਉਸਦੀ ਜ਼ਿੰਮੇਵਾਰੀ ਕਾਲਜ ਦੀ ਹੋਵੇਗੀ।

ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਖਾਲਸਾ ਕਾਲਜ ਆਫ ਫਿਜੀਕਲ ਐਜੂਕੇਸ਼ਨ, ਹੇਰ (ਅੰਮ੍ਰਿਤਸਰ) ਵਿਖੇ ਸੈਸ਼ਨ 2012-13 ਤੋਂ ਬੀ.ਪੀ.ਈ.(ਤਿੰਨ ਸਾਲਾ ਕੋਰਸ) ਵਿਚ ਦਾਖਲਾ ਕਰਨ ਦੀ ਪਰਵਾਨਗੀ ਦਿੱਤੀ ਹੈ।

ਇਹ ਵੀ **ਪਾਸ ਹੋਇਆ** ਕਿ ਅੱਗੇ ਤੋਂ ਬੀ.ਪੀ.ਈ. ਤਿੰਨ ਸਾਲਾ ਕੋਰਸ ਵਿਚ ਦਾਖਲਾ ਨਾ ਕੀਤਾ ਜਾਵੇ। ਸਾਲ 2013-14 ਤੋਂ ਚਾਰ ਸਾਲਾ B.P.Ed. ਕੋਰਸ ਸ਼ੁਰੂ ਕਰਨ ਲਈ ਉਕਤ ਕਾਲਜ ਵਲੋਂ ਲੋੜੀਂਦੀ formalities ਪੂਰੀਆਂ ਕਰ ਲਈਆਂ ਜਾਣ। ਕਾਲਜ ਨੂੰ ਇਸ ਕੋਰਸ ਲਈ ਮੰਜੂਰੀ ਦੇਣ ਦੇ ਅਧਿਕਾਰ ਉਪ-ਕੁਲਪਤੀ ਸਹਿਬ ਨੂੰ ਦਿੱਤੇ ਜਾਂਦੇ ਹਨ।

**ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਆਉਂਦੇ ਅਧਿਆਪਕਾਂ/ਨਾਨ-ਟੀਚਿੰਗ ਅਧਿਕਾਰੀਆਂ ਨੂੰ ਪਲੇਸਮੈਂਟ/ਪ੍ਰੋਮੋਸ਼ਨ ਲਈ ਰਿਫਰੈਸ਼ਰ ਕੋਰਸ ਸਬੰਧੀ ਮਿਤੀ ਵਿਚ ਵਾਧੇ ਦੀ ਪਰਵਾਨਗੀ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂ.ਜੀ.ਸੀ. ਦੀ ਕੈਰੀਅਰ ਐਡਵਾਸਮੈਂਟ ਸਕੀਮ ਅਧੀਨ ਆਉਂਦੇ ਅਧਿਆਪਕਾਂ/ਨਾਨ-ਟੀਚਿੰਗ ਅਧਿਕਾਰੀਆਂ ਨੂੰ ਪਲੇਸਮੈਂਟ/ਪ੍ਰੋਮੋਸ਼ਨ ਲਈ ਓਰੀਐਂਟੇਸ਼ਨ/ਰਿਫਰੈਸ਼ਰ ਕੋਰਸ ਵਿਚ ਭਾਗ ਲੈਣ ਸਬੰਧੀ ਮਿਤੀ 31.12.2013 ਤੱਕ ਵਾਧਾ ਕਰਨ ਬਾਰੇ ਯੂ.ਜੀ.ਸੀ. ਦਾ ਪੱਤਰ ਨੰ: 1-2-2009(EC/PS) Pt. VIII ਮਿਤੀ 7.12.2012 (**ਅੰਤਿਕਾ** ਅਨੁਸਾਰ) ਪਰਵਾਨ ਕੀਤਾ ਜਾਂਦਾ ਹੈ।

**MBA(Hons) Marketing & Retail Management ਸਮੈਸਟਰ-ਚੋਥਾ ਦੇ ਵਿਦਿਆਰਥੀ - ਅਰਜੁਨ ਮਲਿਕ ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮ੍ਹਾ ਕਰਵਾਉਣ ਦੀ ਪਰਵਾਨਗੀ।**

29. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ MBA(Hons.) Marketing & Retail Management ਸਮੈਸਟਰ-ਚੋਥਾ ਦੇ ਵਿਦਿਆਰਥੀ-ਅਰਜੁਨ ਮਲਿਕ ਰੋਲ ਨੰ: 891058, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2012 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕਿਆ, ਦੇ ਭਵਿੱਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਸਿੰਡੀਕੇਟ ਦੀ ਇਕੱਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਵਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਬੀ.ਏ ਭਾਗ-ਤੀਜਾ, ਅਪ੍ਰੈਲ-2011 ਦੀ ਵਿਦਿਆਰਥਣ-ਆਰਤੀ ਦਾ 10000/- ਰੁਪਏ ਜੁਰਮਾਨੇ ਨਾਲ ਈ.ਵੀ.ਐਸ. ਪ੍ਰੀਖਿਆ regularize ਕਰਕੇ ਨਤੀਜਾ ਘੋਸ਼ਿਤ ਕਰਨ ਦੀ ਪਰਵਾਨਗੀ।

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੀ.ਏ ਭਾਗ-ਤੀਜਾ, ਅਪ੍ਰੈਲ 2011 ਦੀ ਵਿਦਿਆਰਥਣ-ਆਰਤੀ, ਜੋ ਨਿਯਮਾਂ ਅਧੀਨ ਆਪਣੇ ਬਣਦੇ ਸਾਰੇ ਮੌਕਿਆਂ ਵਿਚ ਈ.ਵੀ.ਐਸ ਦੀ ਪ੍ਰੀਖਿਆ ਪਾਸ ਨਹੀਂ ਕਰ ਸਕੀ, ਨੂੰ ਪ੍ਰੀਖਿਆ ਸ਼ਾਖਾ ਵਲੋਂ ਗਲਤੀ ਨਾਲ ਸਤੰਬਰ-2012 ਦੀਆਂ ਸਪਲੀਮੈਂਟਰੀ ਪ੍ਰੀਖਿਆਵਾਂ ਵਿਚ 2500/- ਰੁਪਏ ਜੁਰਮਾਨੇ ਨਾਲ ਉਕਤ ਪ੍ਰੀਖਿਆ ਪਾਸ ਕਰਨ ਲਈ ਵਿਸ਼ੇਸ਼ ਮੌਕਾ ਦਿੱਤਾ ਗਿਆ ਸੀ, ਦੀ 10000/- ਰੁਪਏ ਜੁਰਮਾਨੇ ਨਾਲ ਸਬੰਧਤ ਪ੍ਰੀਖਿਆ regularize ਕਰਕੇ ਉਸਦਾ ਬਣਦਾ ਨਤੀਜਾ ਘੋਸ਼ਿਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਪੀਐਚ. ਡੀ. ਦੇ ਵਿਦਿਆਰਥੀ ਸ਼੍ਰੀ ਕਮਲ ਜੇ ਦੀ ਮੌਖਿਕ ਪ੍ਰੀਖਿਆ **(viva voce)** ਲੈਣ ਲਈ ਤਿੰਨ ਪ੍ਰੀਖਿਅਕਾਂ ਵਿਚੋਂ ਇਕ ਪ੍ਰੀਖਿਅਕ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੀਐਚ. ਡੀ. ਦੇ ਵਿਦਿਆਰਥੀ-ਸ਼੍ਰੀ ਕਮਲ ਜੇ ਵਲੋਂ ਜਮਾਂ ਕਰਵਾਏ ਗਏ ਥੀਸਿਸ ਸਬੰਧੀ ਤਿੰਨ ਪ੍ਰੀਖਿਅਕਾਂ ਵਿਚੋਂ ਦੋ ਪ੍ਰੀਖਿਅਕਾਂ ਵਲੋਂ ਥੀਸਿਸ ਦੀ revision/correction ਦਾ ਸੁਝਾਅ ਦੇਣ ਕਾਰਣ ਵਿਦਿਆਰਥੀ ਵਲੋਂ ਥੀਸਿਸ ਵਿਚ ਸੋਧਾਂ/ਦਰੁਸਤੀਆਂ ਕਰਨ ਸਬੰਧੀ ਉਸ ਦੇ ਸੁਪਰਵਾਈਜ਼ਰ ਵਲੋਂ ਦਿੱਤੇ ਸਰਟੀਫਿਕੇਟ ਅਤੇ ਡੀਨ ਅਕਾਦਮਿਕ ਮਾਮਲੇ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਵਿਦਿਆਰਥੀ ਦੀ ਮੌਖਿਕ ਪ੍ਰੀਖਿਆ (viva voce) ਲੈਣ ਲਈ ਇਕ ਵਿਸ਼ੇਸ਼ ਕੇਸ ਵਜੋਂ ਤਿੰਨ ਪ੍ਰੀਖਿਅਕਾਂ ਵਿਚੋਂ ਇਕ ਪ੍ਰੀਖਿਅਕ ਨੂੰ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਇਹ ਵੀ **ਪਾਸ ਹੋਇਆ** ਕਿ ਇਸ ਨੂੰ ਪੂਰਵ ਉਦਾਹਰਣ (precedent) ਨਹੀਂ ਮੰਨਿਆ ਜਾਵੇਗਾ।

ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 4.1.2013 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

32. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 4.1.2013 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ:-

1) ਸੈਸ਼ਨ 2013-14 ਲਈ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਫੈਕਲਟੀ ਦੀ ਇਕੱਤਰਤਾ ਮਿਤੀ 10.10.2012 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

**Master in Computer Applications(MCA) (Three Years Course) (CBCEGS)**

**Eligibility from the session 2013-14**

"B.B.A./B.Com./B.Com.(Professional)/B.Sc.(Hons.) Economics or Graduate in any stream with Mathematics/Statistics/Computer Sciences/Computer Applications /IT/Computer Maintenance/ Quantitative Techniques as one of the elective subjects with 50% marks in aggregate or any equivalent degree thereto."

**OR**

"Bachelor's degree in any stream with 50% marks in aggregate with Mathematics as an elective subject +2 Level."

(ਪੈਰਾ E (I)19)

2) ਸੈਸ਼ਨ 2013-14 ਲਈ ਲਾਈਫ ਸਾਇੰਸਜ਼ ਫੈਕਲਟੀ ਦੀ ਇਕੱਤਰਤਾ ਮਿਤੀ

01.11.2012 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਪਰਵਾਨ ਕੀਤੀਆ ਜਾਂਦੀਆਂ ਹਨ:-

**Eligibilty for M.Sc.(HS) (CBCEGS) from the session 2013-14**

B.Sc. (HS) Human Genetics, GNDU with at least 6.18 CGPA or 55% Marks in aggregate.

(ਪੈਰਾ G (IV)(4))

3) ਸੈਸ਼ਨ 2013-14 ਤੋਂ ਐਜੂਕੇਸ਼ਨ ਫੈਕਲਟੀ ਦੀ ਇਕੱਤਰਤਾ ਮਿਤੀ 8.10.2012 ਦੀਆਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ:-

1. Bachelor of Education(B.Ed.)
2. Master of Education (M.Ed)

(ਪੈਰਾ I(2,3))

4) ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ:-

(i) ਯੂਨੀਵਰਸਿਟੀ ਵੱਲੋ ਸੈਸ਼ਨ 2012-13 ਤੋਂ **ਅੰਤਿਕਾ** ਅਨੁਸਾਰ ਨਵੇਂ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜੀ ਸਬੰਧਤਾ ਦਿੱਤੀ ਹੈ।

(ii) ਸੈਸ਼ਨ 2012-13 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ **ਅੰਤਿਕਾ** ਅਨੁਸਾਰ ਨਵੇ ਵਿਸ਼ੇ/ਕਲਾਸਾਂ/ਕੋਰਸਾਂ ਦੀ ਆਰਜੀ ਸਬੰਧਤਾ ਦਿੱਤੀ ਹੈ।

(ਪੈਰਾ P)

5) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਹੇਠ ਲਿਖੇ ਕਾਲਜਾਂ ਨੂੰ ਦਿੱਤੇ ਕੋਰਸਾਂ ਨੂੰ ਬੰਦ ਕਰਨ ਦੀ ਪਰਵਾਨਗੀ ਦਿੱਤੀ ਹੈ:-

| Sr. No. | Name of the College | Courses Name | From Session |
|---|---|---|---|
| 1. | R.R.M.K Arya Mahila Mahavidayala, Pathankot. | Elective Subject of Sanskrit & Fine Arts | 2012-13 |
| 2. | Shaheed Darshan Singh Pheruman Memorial College for Women, Rayya. (Amritsar) | (i) Religious Studies B.A. Part-I<br>(ii) B.A. Hindi Elective | 2013-14 |

(ਪੈਰਾ R)

6) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮੁੱਢਲੀ ਪੰਜਾਬੀ ਨੂੰ ਮੈਟ੍ਰਿਕ ਦੀ ਪੰਜਾਬੀ ਦੇ ਬਰਾਬਰ ਸਮਝਣ/ਦਰਜਾ ਦੇਣ ਦੀ ਪਰਵਾਨਗੀ ਦਿੱਤੀ ਹੈ ਤਾਂ ਜੋ ਇਨ੍ਹਾਂ ਵਿਦਿਆਰਥੀਆਂ ਨੂੰ ਪੰਜਾਬ ਵਿਚ ਨੌਕਰੀ ਲੈਣ ਸਮੇਂ ਇਸ ਦਾ ਲਾਭ ਹੋ ਸਕੇ।

(ਪੈਰਾ U)

7) ਸੈਸ਼ਨ 2013-14 ਤੋਂ ਸਮੈਸਟਰ ਸਿਸਟਮ ਵਿਚ ਤਬਦੀਲ ਹੋਏ ਫੈਕਲਟੀ ਆਫ ਫਿਜ਼ੀਕਲ ਐਜੂਕੇਸ਼ਨ ਅਤੇ ਫੈਕਲਟੀ ਆਫ ਸਪੋਰਟਸ ਮੈਡੀਸਨ ਐਂਡ ਫਿਜ਼ਿਓਥਰੈਪੀ ਕੋਰਸਾਂ ਤੋਂ ਸਿਵਾਏ ਸਾਰੇ ਪੋਸਟ ਗ੍ਰੈਜੂਏਟ ਡਿਪਲੋਮਾਜ਼, ਅਡਵਾਂਸ ਡਿਪਲੋਮਾਜ਼, ਡਿਪਲੋਮਾਜ਼ ਅਤੇ ਸਰਟੀਫਿਕੇਟ ਕੋਰਸਾਂ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਣ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ**:- ਇਹ ਅਧਿਆਦੇਸ਼ ਪਹਿਲਾਂ ਤੋਂ ਪਾਸ ਹੋਏ ਅੰਡਰ ਗ੍ਰੈਜੂਏਟ ਅਤੇ

ਪੋਸਟ ਗ੍ਰੈਜੂਏਟ ਕੋਰਸਾਂ ਵਿਚ ਸ਼ਾਮਲ ਕੀਤੇ ਗਏ ਹਨ।

(ਪੈਰਾ V)

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 4.1.2013 ਦੀਆਂ ਉਕਤ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸ਼੍ਰੀ ਤੇਜਿੰਦਰ ਸਿੰਘ ਅਰੋੜਾ, ਐਡਵੋਕੇਟ ਇਨਕਮ ਟੈਕਸ ਨੂੰ 46200/- ਰੁਪਏ ਦੀ ਫੀਸ ਦੀ ਅਦਾਇਗੀ ਕਰਨ ਸਬੰਧੀ।**

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਤੇਜਿੰਦਰ ਸਿੰਘ ਅਰੋੜਾ, ਐਡਵੋਕੇਟ ਇਨਕਮ ਟੈਕਸ ਨੂੰ ਸਾਲ 2008-09 ਅਤੇ 2009-10 Assesment Year ਸਬੰਧੀ ਅਪੀਲ ਨੰ: 462 ਅਤੇ 463 ਦੀ ਪੈਰਵੀ ਹਿਤ 46200/- ਰੁਪਏ ਫੀਸ ਵਜੋਂ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਵਿਦਿਆਰਥੀਆਂ ਦੀਆਂ ਫੀਸਾਂ ਸਬੰਧੀ ਨਿਰਣੇ ਵਿਚ ਵਾਧਾ ਅਤੇ ਫੀਸਾਂ ਵਾਪਸ ਕਰਨ ਦੀ ਪਰਵਾਨਗੀ।**

34. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਇਕੱਤਰਤਾ ਮਿਤੀ 27.9.2011 ਦੇ ਪੈਰਾ 83(7(h)) ਵਿਚ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

> 7(h) "No extra examination and other fee will be charged from the students repeating a course in which they have failed to obtain a pass grade in the lower examination till they are bonafide students of the university and have paid admission fees and other dues as per rules."

(ਅ) ਅਜਿਹੇ ਵਿਦਿਆਰਥੀ ਜੋ Credit Based System ਅਧੀਨ ਫੇਲ ਹੋਏ ਹਨ, ਪ੍ਰੰਤੂ ਉਨ੍ਹਾਂ ਵਲੋਂ ਕੋਰਸ repeat ਕਰਨ ਵਾਸਤੇ ਗਲਤੀ ਨਾਲ ਸਮੈਸਟਰ ਸਿਸਟਮ ਦੀਆਂ ਸਪਲੀਮੈਂਟਰੀ ਪ੍ਰੀਖਿਆਂ ਲਈ ਫੀਸ ਜਮ੍ਹਾਂ ਕਰਵਾਈ ਗਈ ਹੈ, ਦੀ ਜਮ੍ਹਾਂ ਕਰਵਾਈ ਵਾਧੂ ਫੀਸ ਵਾਪਸ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਮਾਸਟਰ ਇਨ ਜਰਨਲਿਜਮ ਤੇ ਮਾਸ ਕਮਿਊਨੀਕੇਸ਼ਨ (ਸਲਾਨਾ ਪ੍ਰਣਾਲੀ) ਦੇ ਅਧਿਆਦੇਸ਼ ਯੂਨੀਵਰਸਿਟੀ ਕੈਲੰਡਰ ਵਿਚੋਂ Delete ਕਰਨ ਦੀ ਪਰਵਾਨਗੀ।**

35. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ, ਪਾਠ ਸਿਖਿਆ ਬੋਰਡ ਅਤੇ ਡੀਨ, ਫੈਕਲਟੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਮਾਸਟਰ ਇਨ ਜਰਨਲਿਜਮ ਤੇ ਮਾਸ ਕਮਿਊਨੀਕੇਸ਼ਨ (ਸਲਾਨਾ ਪ੍ਰਣਾਲੀ) ਦਾ ਕੋਰਸ ਯੂਨੀਵਰਸਿਟੀ ਨਾਲ ਸਬੰਧਤ ਕਿਸੇ ਵੀ ਕਾਲਜ ਵਿਚ ਨਾ ਚੱਲਣ ਕਰਕੇ, ਯੂਨੀਵਰਸਿਟੀ ਕੈਲੰਡਰ 2008 ਭਾਗ-ਦੂਜਾ, ਪੰਨਾ 250-252 ਉੱਤੇ ਉਕਤ ਕੋਰਸ ਦੇ ਅਧਿਆਦੇਸ਼ ਸ਼ੈਸ਼ਨ 2012-13 ਤੋਂ Delete ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਕਾਨਸਟੀਚੂਐਂਟ ਕਾਲਜਾਂ ਵਿਚ ਫੀਸ ਸੱਟਰਕਚਰ ਲਾਗੂ ਕਰਨ ਦੀ ਪਰਵਾਨਗੀ।

36. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋ ਸਥਾਪਿਤ ਕੀਤੇ ਚਾਰ ਕਾਨਸਟੀਚੂਐਂਟ ਕਾਲਜਾਂ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਅਤੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ) ਵਿਚ **ਅੰਤਿਕਾ** ਅਨੁਸਾਰ ਫੀਸ ਸੱਟਰਕਚਰ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**Common Ordinances** ਵਿਚ ਸੋਧ ਦੀ ਪਰਵਾਨਗੀ।

37. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 25.6.2012 ਦੇ ਪੈਰਾ ਨੰ: 46 ਰਾਹੀਂ ਸਮੈਸਟਰ ਸਿਸਟਮ ਅਧੀਨ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਲਈ ਪਰਵਾਨ ਹੋਏ Common Ordinances ਵਿਚ **ਅੰਤਿਕਾ** ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ।

ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

38. ਮਿਤੀ 1.4.2013 ਤੋਂ 31.3.2014 ਤੱਕ ਦੇ ਸਮੇਂ ਲਈ ਹੇਠ ਲਿਖੀਆਂ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ 'ਤੇ ਵਿਚਾਰ ਹੋਈ:-

1. ਪਲਾਨਿੰਗ ਬੋਰਡ
2. ਪਬਲੀਕੇਸ਼ਨ ਕਮੇਟੀ
3. ਕੈਂਪਸ ਕਮੇਟੀ
4. ਮੈਡੀਕਲ /ਹੈਲਥ ਕਮੇਟੀ
5. ਫਾਰਮ ਐਂਡ ਲੈਂਡ ਸਕੇਪ ਕਮੇਟੀ
6. ਕਲਚਰਲ ਕਮੇਟੀ
7. ਵਿਦੇਸ਼ੀ ਵਿਦਿਆਰਥੀ ਐਡਵਾਇਜ਼ਰੀ ਕਮੇਟੀ

**ਰਿਜਨਲ ਕੈਂਪਸ, ਜਲੰਧਰ**

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ
5. ਸਪੋਰਟਸ ਕਮੇਟੀ
6. ਵੋਮੈਨ ਵੈਲਫੇਅਰ ਕਮੇਟੀ

**ਰਿਜਨਲ ਕੈਂਪਸ, ਗੁਰਦਾਸਪੁਰ**

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ

**ਪਾਸ ਹੋਇਆ** ਕਿ ਮਿਤੀ 1.4.2013 ਤੋਂ 31.3.2014 ਤੱਕ ਦੇ ਸਮੇਂ ਲਈ ਉਕਤ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਮਿਤੀ 1.4.2013 ਤੋਂ 31.3.2014 ਤੱਕ ਅਧਿਆਪਕਾਂ ਨੂੰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

39. ਮਿਤੀ 1.4.2013 ਤੋਂ 31.3.2014 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਤੇ ਵਿਚਾਰ ਹੋਈ:-

ਲੜੀ ਨੰ: ਅਹੁਦਾ

(ੳ) 1. ਡੀਨ, ਅਕਾਦਮਿਕ ਮਾਮਲੇ
2. ਡੀਨ, ਵਿਦਿਆਰਥੀ ਭਲਾਈ
3. ਡੀਨ, ਅਲੁਮਨੀ ਐਸੋਸੀਏਸ਼ਨ

ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ

4. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ

5. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

(ਅ) 1. Co-ordinator, Centre for study of Social Exclusion and Inclusive Policy
2. ਡਾਇਰੈਕਟਰ, ਹਾਸਪੀਟੈਲਿਟੀ
3. ਡਾਇਰੈਕਟਰ, ਅਕਾਦਮਿਕ ਸਟਾਫ ਕਾਲਜ
4. Director, AIS Centre
5. Director, Department of Life-Long Learning
6. ਡਾਇਰੈਕਟਰ, ਰਿਸਰਚ
7. ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ
8. ਕੋਆਰਡੀਨੇਟਰ, ਐਜੂਸੈਟ
9. ਪ੍ਰੋਫੈਸਰ ਇੰਚਾਰਜ਼, ਵਿਤ ਤੇ ਵਿਕਾਸ
10. Co-ordinator, University Industry Linkage Programme
11. Nodel Officer, Intellectual Property Rights Cell (IPRs Cell)
12. ਪ੍ਰੋਫੈਸਰ ਇੰਚਾਰਜ਼ (ਪ੍ਰੀਖਿਆਵਾਂ)
13. ਪ੍ਰੋਫੈਸਰ ਇੰਚਾਰਜ਼ (ਪਬਲਿਕ ਰਿਲੇਸ਼ਨਜ਼)
14. ਪ੍ਰੋਫੈਸਰ ਇੰਚਾਰਜ਼ (ਪਬਲੀਕੇਸ਼ਨ ਬਿਊਰੋ)
15. ਡੀਨ, ਕਾਲਜ ਵਿਕਾਸ ਕੌਂਸਿਲ
16. ਡਾਇਰੈਕਟਰ, ਗੁਰੂ ਨਾਨਕ ਸਟੱਡੀ ਸੈਂਟਰ
17. Professor Incharge (Central Time-Table Grading System)
18. ਰੀਡਰ, ਅਕਾਦਮਿਕ ਸਟਾਫ ਕਾਲਜ
19. ਪ੍ਰੋਫੈਸਰ ਇੰਚਾਰਜ਼, ਹੈਰੀਟੇਜ ਮਿਊਜ਼ਿਅਮ
20. ਇੰਚਾਰਜ਼, ਕਾਂਸਟੀਚੂਐਂਟ ਕਾਲਜਾਂ ਅਤੇ ਰਿਜਨਲ ਕੈਂਪਸ, ਸਠਿਆਲਾ ਅਤੇ ਫੱਤੂ ਢੀਂਗਾ।
21. Co-ordinator, HPLC Mass Spectrometer (Central Facility)
22. Chief Information Security Officer, Indian Computer Emergency Response Team(CERT-in).

**ਪਾਸ ਹੋਇਆ** ਕਿ ਮਿਤੀ 1.4.2013 ਤੋਂ 31.3.2014 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਉਕਤ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਧਿਆਦੇਸ਼ 3.1, ਪੰਨਾ 82, ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਅਨੁਸਾਰ ਮਿਤੀ 1.4.2013 ਤੋਂ 31.3.2014 ਤੱਕ, ਇਕ ਸਾਲ ਲਈ ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਵਾਲੀ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸ੍ਰੀ ਸੁਨੀਲ ਨਈਅਰ, ਲੀਗਲ ਐਡਵਾਈਜ਼ਰ ਕਮ ਨੋਡਲ ਅਫਸਰ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਅਤੇ ਸੇਵਾਫਲ ਵਿਚ ਵਾਧੇ ਦੀ ਪਰਵਾਨਗੀ।**

41. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਸੁਨੀਲ ਨਈਅਰ, ਲੀਗਲ ਐਡਵਾਈਜ਼ਰ ਕਮ ਨੋਡਲ ਅਫਸਰ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 2.5.2013 ਤੋਂ 1.5.2014 ਤੱਕ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦਾ ਸੇਵਾਫਲ 12000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 15000/- ਪ੍ਰਤੀ ਮਹੀਨਾ ਕੀਤਾ ਜਾਂਦਾ ਹੈ।

**ਡਾ. ਹਰਚੰਦ ਸਿੰਘ ਬੇਦੀ, ਪ੍ਰੋਫੈਸਰ(ਸੇਵਾ-ਮੁਕਤ), ਪੰਜਾਬੀ ਅਧਿਐਨ ਵਿਭਾਗ ਨੂੰ ਪੈਨਸ਼ਨ ਦਾ ਲਾਭ ਦੇਣ ਦੀ ਪਰਵਾਨਗੀ।**

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਹੋਈ ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 121 ਉੱਤੇ ਦਰਜ ਸਟੈਚਿਊਟ 11(a) ਅਨੁਸਾਰ ਡਾ. ਹਰਚੰਦ ਸਿੰਘ ਬੇਦੀ, ਪ੍ਰੋਫੈਸਰ(ਸੇਵਾ-ਮੁਕਤ), ਪੰਜਾਬੀ ਅਧਿਐਨ ਵਿਭਾਗ ਦੀ ਪਿਛਲੇ ਅਦਾਰੇ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਕੀਤੀ ਸੇਵਾ ਗਿਣ ਕੇ ਪੈਨਸ਼ਨ ਦਾ ਬਣਦਾ ਲਾਭ ਦਿੱਤਾ ਜਾਵੇ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ1:- ਡਾ. ਹਰਚੰਦ ਸਿੰਘ ਬੇਦੀ, ਸੇਵਾ-ਮੁਕਤ ਪ੍ਰੋਫੈਸਰ, ਪੰਜਾਬੀ ਅਧਿਐਨ ਵਿਭਾਗ ਵਲੋਂ ਪਿਛਲੇ ਅਦਾਰੇ ਅਤੇ ਯੂਨੀਵਰਸਿਟੀ ਵਿਚ ਕੀਤੀ ਟੀਚਿੰਗ ਸਰਵਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | | |
|---|---|---|---|
| ਖਾਲਸਾ ਕਾਲਜ, ਅੰਮ੍ਰਿਤਸਰ | ਪੱਕੇ ਤੌਰ ਤੇ ਲੈਕਚਰਾਰ ਵਜੋਂ ਕੀਤੀ ਸਰਵਿਸ | 1.11.1991 ਤੋ 3.10.1994 | 2 ਸਾਲ 11 ਮਹੀਨੇ 2 ਦਿਨ |
| | | 1.5.1995 ਤੋਂ 2.5.2002 | 7 ਸਾਲ |
| ਯੂਨੀਵਰਸਿਟੀ ਕੈਂਪਸ | ਪੱਕੇ ਤੌਰ ਤੇ ਰੀਡਰ ਵਜੋਂ ਕੀਤੀ ਸਰਵਿਸ | 3.5.2002 ਤੋਂ 31.12.2008 | 6 ਸਾਲ 7 ਮਹੀਨੇ 28 ਦਿਨ |
| | ਪੱਕੇ ਤੌਰ ਤੇ ਪ੍ਰੋਫੈਸਰ ਵਜੋਂ ਕੀਤੀ ਸਰਵਿਸ | 1.1.2009 ਤੋਂ 31.12.2011 | 3 ਸਾਲ |
| | | **ਕੁਲ ਸਰਵਿਸ** | **19 ਸਾਲ 7 ਮਹੀਨੇ** |

ਨੋਟ2:- ਅਜਿਹੇ ਕੇਸਾਂ ਵਿਚ ਪਹਿਲਾ ਵੀ ਡਾ. ਜੇ ਐਸ. ਪੁਆਰ ਅਤੇ ਡਾ. ਸ਼ਰਨ ਗੁਰਦੇਵ ਸਿੰਘ ਨੂੰ ਪਿਛਲੀ ਸੇਵਾ ਗਿਣ ਕੇ ਪੈਨਸ਼ਨ ਦਾ ਲਾਭ ਦਿੱਤਾ ਗਿਆ ਸੀ।

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ

ਪੰਨਾ 121 ਉੱਤੇ ਦਰਜ ਸਟੈਚਿਊਟ 11(a) ਅਨੁਸਾਰ ਡਾ. ਹਰਚੰਦ ਸਿੰਘ ਬੇਦੀ, ਪ੍ਰੋਫੈਸਰ(ਸੇਵਾ-ਮੁਕਤ), ਪੰਜਾਬੀ ਅਧਿਐਨ ਵਿਭਾਗ ਦੀ ਪਿਛਲੇ ਅਦਾਰੇ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਕੀਤੀ ਸੇਵਾ ਗਿਣ ਕੇ ਪੈਨਸ਼ਨ ਦਾ ਬਣਦਾ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**M.Sc. (FMT) ਦੀ ਵਿਦਿਆਰਥਣ- ਹਿਨਾ ਸਿੰਘ ਦੇ ਦਾਖਲੇ ਦੀ ਪੁਸ਼ਟੀ।**

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ M.Sc(FMT) ਸ਼ੈਸ਼ਨ 2010-2012 ਦੀ ਵਿਦਿਆਰਥਣ- ਹਿਨਾ ਸਿੰਘ, ਜੋ ਮੋਲੀਕਿਊਲਰ ਬਿਆਲੋਜੀ ਅਤੇ ਜੈਨੇਟਿਕ ਇੰਜੀਨਿਅਰਿੰਗ (Code-454) ਦਾ ਕੋਰਸ ਪਾਸ ਨਹੀਂ ਕਰ ਸਕੀ, ਨੂੰ ਉਕਤ ਕੋਰਸ ਪਾਸ ਕਰਨ ਲਈ ਕ੍ਰੈਡਿਟ ਬੇਸਡ ਸਿਸਟਮ ਅਧੀਨ ਸਮੈਸਟਰ ਦੀ ਪੂਰੀ ਫੀਸ, ਸਮੇਤ ਲੇਟ ਫੀਸ ਨਾਲ ਸਮੈਸਟਰ ਵਿਚ ਦਾਖਲੇ ਦੀ ਆਗਿਆ ਦਿੱਤੀ ਹੈ।

**ਸੈਸ਼ਨ 2013-14 ਤੋਂ MCA(TYC) ਅਤੇ MCA(Software Systems) ਦੇ ਪਹਿਲੇ ਸਮੈਸਟਰ ਵਿਚ ਦਾਖਲੇ ਸਬੰਧੀ।**

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2013-14 ਤੋਂ MCA(TYC) ਅਤੇ MCA(Software Systems) ਦੇ ਪਹਿਲੇ ਸਮੈਸਟਰ ਵਿਚ ਦਾਖਲੇ ਸਬੰਧੀ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੀ ਬੋਰਡ ਆਫ ਕੰਟਰੋਲ ਦੀ ਇਕੱਤਰਤਾ ਮਿਤੀ 27.2.2013 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਮੱਦ ਨੰ: 45, 52, 53 ਅਤੇ 65 ਇਕੱਠੀਆਂ ਪੜ੍ਹੀਆਂ ਗਈਆ। 1.10 ਵਜੇ (ਬਾਅਦ ਦੁਪਹਿਰ) ਇਨ੍ਹਾਂ ਮੱਦਾਂ ਤੇ ਵਿਚਾਰ ਸਮੇਂ ਉਪ-ਕੁਲਪਤੀ ਸਾਹਿਬ ਨੇ ਇਕੱਤਰਤਾ ਵਿਚ ਭਾਗ ਨਹੀਂ ਲਿਆ ਅਤੇ ਉਹ ਇਕੱਤਰਤਾ ਵਿਚੋਂ ਬਾਹਰ ਚਲੇ ਗਏ। ਇਨ੍ਹਾਂ ਮੱਦਾਂ ਤੇ ਵਿਚਾਰ ਸਮੇਂ ਡਾ. ਰਜਿੰਦਰਜੀਤ ਕੌਰ ਪਵਾਰ, ਡੀਨ ਅਕਾਦਮਿਕ ਮਾਮਲੇ ਨੇ ਇਕੱਤਰਤਾ ਦੀ ਪਰਧਾਨਗੀ ਕੀਤੀ।

**ਸ੍ਰੀ ਹਰਪ੍ਰੀਤ ਸਿੰਘ, ਕਲਰਕ-ਕਮ ਜੂਨੀਅਰ ਡਾਟਾ ਐਂਟਰੀ ਓਪਰੇਟਰ ਦੀ ਅਪੀਲ ਅਪਰਵਾਨ ਕੀਤੀ ਗਈ।**

45. ਇਸ ਯੂਨੀਵਰਸਿਟੀ ਵਿਖੇ ਕੰਟਰੈਕਟ ਆਧਾਰ ‘ਤੇ ਨਿਯੁਕਤ ਸ੍ਰੀ ਹਰਪ੍ਰੀਤ ਸਿੰਘ, ਕਲਰਕ ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ, ਜਿਸ ਵਲੋਂ ਆਪਣੀ ਸੇਵਾ ਦੌਰਾਨ ਆਪਣੀ ਡਿਊਟੀ ਵਿਚ ਕੁਤਾਹੀ ਕਰਨ ਕਰਕੇ ਸ੍ਰੀ ਗੁਰਨਾਮ ਸਿੰਘ, ਰਿਟਾ. ਐਡਵੋਕੇਟ ਡਿਸਟ੍ਰਿਕਟ ਅਤੇ ਸੈਸ਼ਨ ਜੱਜ ਵਲੋਂ ਕੀਤੀ ਪੜਤਾਲ ਦੇ ਆਧਾਰ ‘ਤੇ ਉਪ-ਕੁਲਪਤੀ ਸਾਹਿਬ ਵਲੋਂ ਸ੍ਰੀ ਹਰਪ੍ਰੀਤ ਸਿੰਘ ਨੂੰ ਯੂਨੀਵਰਸਿਟੀ ਸੇਵਾ ਤੋਂ ਮੁਕਤ (relieve) ਕੀਤਾ ਗਿਆ ਸੀ, ਵਲੋਂ ਸਿੰਡੀਕੇਟ ਨੂੰ ਕੀਤੀ ਅਪੀਲ (ਰਾਹੀਂ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸਕੱਤਰ ਸਿੰਡੀਕੇਟ) ਮਿਤੀ 14.3.2013 **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

ਕੇਸ ‘ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਕੰਟਰੈਕਟ ਆਧਾਰ ‘ਤੇ ਨਿਯੁਕਤ ਸ੍ਰੀ ਹਰਪ੍ਰੀਤ ਸਿੰਘ, ਕਲਰਕ ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ, ਜਿਸ ਵਲੋਂ ਆਪਣੀ ਸੇਵਾ ਦੌਰਾਨ ਆਪਣੀ ਡਿਊਟੀ ਵਿਚ ਕੁਤਾਹੀ ਕਰਨ ਕਰਕੇ ਸ੍ਰੀ

ਗੁਰਨਾਮ ਸਿੰਘ, ਰਿਟਾ. ਐਡਵੋਕੇਟ ਡਿਸਟ੍ਰਿਕਟ ਅਤੇ ਸੈਸ਼ਨ ਜੱਜ ਵਲੋਂ ਕੀਤੀ ਪੜਤਾਲ ਦੇ ਆਧਾਰ 'ਤੇ ਉਪ-ਕੁਲਪਤੀ ਸਾਹਿਬ ਵਲੋਂ ਸ੍ਰੀ ਹਰਪ੍ਰੀਤ ਸਿੰਘ ਨੂੰ ਯੂਨੀਵਰਸਿਟੀ ਸੇਵਾ ਤੋਂ ਮੁਕਤ (relieve) ਕੀਤਾ ਗਿਆ ਸੀ, ਵਲੋਂ ਸਿੰਡੀਕੇਟ ਨੂੰ ਕੀਤੀ ਅਪੀਲ (ਰਾਹੀਂ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸਕੱਤਰ ਸਿੰਡੀਕੇਟ) ਮਿਤੀ 14.3.2013 **ਅੰਤਿਕਾ** ਅਨੁਸਾਰ ਅਪਰਵਾਨ ਕੀਤੀ ਜਾਂਦੀ ਹੈ।

**ਡਾ. ਜੀ. ਐਸ. ਭੱਲਾ ਵੱਲੋਂ ਸਿੰਡੀਕੇਟ ਦੇ ਚੇਅਰਮੈਨ ਵਿਰੁੱਧ ਪੱਤਰ ਸਬੰਧੀ।**

52. ਯੂਨੀਵਰਸਿਟੀ ਦੀ ਸਿੰਡੀਕੇਟ ਦੇ ਵਰਤਮਾਨ ਚੇਅਰਮੈਨ ਦੁਆਰਾ ਸਿੰਡੀਕੇਟ ਦੇ ਮੈਂਬਰ ਸਹਿਬਾਨ ਨੂੰ ਡਾ. ਜੀ. ਐਸ. ਭੱਲਾ, ਪ੍ਰੋਫੈਸਰ ਵੱਲੋਂ ਉਨ੍ਹਾਂ ਨਾਲ ਸਬੰਧਤ ਮਾਮਲਿਆਂ 'ਤੇ ਗੁਮਰਾਹ (mislead) ਕਰਨ ਸਬੰਧੀ Gmail ਰਾਹੀਂ ਸੰਬੋਧਤ ਪੱਤਰ ਮਿਤੀ 4.3.2013 **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਵਰਤਮਾਨ ਚੇਅਰਮੈਨ ਦੁਆਰਾ ਸਿੰਡੀਕੇਟ ਦੇ ਮੈਂਬਰ ਸਹਿਬਾਨ ਨੂੰ ਡਾ. ਜੀ. ਐਸ. ਭੱਲਾ, ਪ੍ਰੋਫੈਸਰ ਵੱਲੋਂ ਉਨ੍ਹਾਂ ਨਾਲ ਸਬੰਧਤ ਮਾਮਲਿਆਂ 'ਤੇ ਗੁਮਰਾਹ (mislead) ਕਰਨ ਸਬੰਧੀ Gmail ਰਾਹੀਂ ਸੰਬੋਧਤ ਪੱਤਰ ਮਿਤੀ 4.3.2013 (**ਅੰਤਿਕਾ** ਅਨੁਸਾਰ) ਨਿਰਆਧਾਰ (baseless) ਅਤੇ ਤੱਥਾਹੀਨ ਹੋਣ ਕਾਰਣ ਅਪਰਵਾਨ ਕੀਤਾ ਜਾਂਦਾ ਹੈ।

**ਮਿਸਿਜ਼ ਰੁਪਿੰਦਰ ਭੱਲਾ ਪਤਨੀ ਡਾ. ਜੀ. ਐਸ. ਭੱਲਾ ਵੱਲੋਂ mental torture ਬਾਰੇ ਭੇਜੇ ਪੱਤਰ ਸਬੰਧੀ।**

53. ਮਿਸਿਜ਼ ਰੁਪਿੰਦਰ ਭੱਲਾ ਪਤਨੀ ਡਾ. ਜੀ.ਐਸ. ਭੱਲਾ ਵੱਲੋਂ ਉਪ-ਕੁਲਪਤੀ ਸਾਹਿਬ ਵਿਰੁੱਧ ਉਨ੍ਹਾਂ ਦੇ ਪਰਿਵਾਰ ਨੂੰ severe mental torture by creating a law of the jungle like situation ਸਬੰਧੀ ਭੇਜੇ ਪੱਤਰ ਮਿਤੀ 3.3.2013 **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਸਿਜ਼ ਰੁਪਿੰਦਰ ਭੱਲਾ ਪਤਨੀ ਡਾ. ਜੀ.ਐਸ. ਭੱਲਾ ਵੱਲੋਂ ਉਪ-ਕੁਲਪਤੀ ਸਾਹਿਬ ਵਿਰੁੱਧ ਉਨ੍ਹਾਂ ਦੇ ਪਰਿਵਾਰ ਨੂੰ severe mental torture by creating a law of the jungle like situation ਸਬੰਧੀ ਭੇਜੇ ਪੱਤਰ ਮਿਤੀ 3.3.2013 **ਅੰਤਿਕਾ** ਅਨੁਸਾਰ ਨਿਰਆਧਾਰ (baseless) ਅਤੇ ਤੱਥਾਹੀਨ ਹੋਣ ਕਾਰਣ ਅਪਰਵਾਨ ਕੀਤਾ ਜਾਂਦਾ ਹੈ।

**ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਜਾਰੀ 'ਕਾਰਣ ਦੱਸੋ' ਨੋਟਿਸ ਸਬੰਧੀ ਪ੍ਰਾਪਤ ਉੱਤਰ ਅਪਰਵਾਨ ਕਰਦਿਆਂ demote ਕੀਤਾ ਗਿਆ।**

